ISSN 0972-2335

# ਅੰਮ੍ਰਿਤ ਕੀਰਤਨ



ਮਹੰਤ ਤੀਰਥ ਸਿੰਘ ਜੀ,
ਪ੍ਰਿੰਸੀਪਲ ਸਤਿਬੀਰ ਸਿੰਘ ਜੀ
ਅਤੇ ਡਾ. ਜਾਗੀਰ ਸਿੰਘ



ਡਾ. ਜਾਗੀਰ ਸਿੰਘ,
ਡਾ. ਜਸਵੰਤ ਸਿੰਘ ਨੇਕੀ
ਅਤੇ ਡਾ. ਬਚਿਤਰ ਸਿੰਘ

ਸੰਪਾਦਕ
ਡਾ. ਜਾਗੀਰ ਸਿੰਘ

ਅਕਤੂਬਰ 2023

ਮੁੱਲ 15/-



## ਅਵਲ ਅਲਹ ਨੂਰ ਉਪਾਇਆ

ਦਸੋ ਹਿੰਦੂਉ, ਮੋਮਨੋ, ਸਿੱਖ ਵੀਰੋ,
ਚੌਥੇ ਪੁੱਛਦਾ ਮੈਂ ਇਸਾਈਆਂ ਨੂੰ ।

ਕਾਹਨੂੰ ਵਾਦ-ਵਿਵਾਦ ਪਏ ਰਚਦੇ ਓ,
ਕਾਹਨੂੰ ਝੱਲਦੇ ਓ ਚੋਟਾਂ ਲਾਈਆਂ ਨੂੰ ।

ਰਾਹ ਇਕੋ ਹੈ ਸਭ ਦੇ ਜਾਣ ਵਾਲਾ,
ਕਿਉਂ ਖਿੱਝਦੇ ਦੇਖਕੇ ਭਾਈਆਂ ਨੂੰ ।

ਇਹ ਕੋਈ ਯੋਗ ਨਾ ਕੰਮ ਮੁਸਾਫ਼ਰਾਂ ਦਾ,
ਰਾਹ ਪ੍ਰਦੇਸ ਅੰਦਰ ਲੰਘਣਾ ਰਾਹੀਆਂ ਨੂੰ ।

ਇੱਕੋ ਦੇਸ ਜਾਣਾ, ਇੱਕੋ ਸ਼ਹਿਰ ਜਾਣਾ,
ਇਕੋ ਸ਼ਾਹ ਸੁਲਤਾਨ ਬਲਬੀਰ ਸਾਡਾ ।

ਚਾਰੇ ਪੁਜਣਗੇ ਰਾਹੀਂ ਨਿਸ਼ਾਨ ਇੱਕੋ,
ਰੂਪਾਂ ਚੌਹਾਂ ਵਿਚ ਦਿਸਦਾ ਪੀਰ ਸਾਡਾ ।

**ਪੁਸਤਕ – ਗੁੱਝੀਆਂ ਰਮਜਾਂ: ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ


ਸੰਪਾਦਕ

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ. ਡੀ

ਸਹਿਯੋਗੀ

ਸ. ਹਰਭਜਨ ਸਿੰਘ ਅਤੇ ਸ. ਨਵਤੇਜ ਸਿੰਘ


- ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

### ਚੰਦੇ ਦਾ ਵੇਰਵਾ

- ਦੇਸ਼: ਇਕ ਕਾਪੀ :15 ਰੁਪਏ
- ਦੇਸ਼ ਸਾਲਾਨਾ ਚੰਦਾ : 150 ਰੁਪਏ
- ਜੀਵਨ ਮੈਂਬਰ ਚੰਦਾ: 1500 ਰੁਪਏ
- ਵਿਦੇਸ਼ : ਸਲਾਨਾ ਚੰਦਾ INR1500
- 'ਅੰਮ੍ਰਿਤ ਕੀਰਤਨ' ਲਈ ਡਰਾਫਟ, ਮਾਇਕ ਸਹਾਇਤਾ, ਚਿੱਠੀ-ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ:-


ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)

422, ;eNo 15-J, uvhrV 160 015

ਫੋਨ : 0172-2772660, 098140 53630

e-mail: drjagirsingh@gmail.com

Website : http://www.amritkirtan.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼ ਸ਼ੋਅਰੂਮ ਨੰ: 443, ਮਟੌਰ, ਸੈਕਟਰ 70, ਮੁਹਾਲੀ (ਫੋਨ :0172-4782705, 98150-72197) ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।


## ਇਸ ਅੰਕ ਵਿਚ


ਅਵਲ ਅਲਹ ਨੂਰ ਉਪਾਇਆ
ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ ਟਾ-2

ਸੰਪਾਦਕੀ : ਕਰਉ ਬੇਨੰਤੀਆ -
ਐਸੋ ਭਾਉ ਬਿਦਰ ਕੋ ਦੇਖਿਓ 2

ਕੀਰਤਨ
ਪ੍ਰੋ. ਸਾਹਿਬ ਸਿੰਘ 4

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਗੁਰਮਤਿ ਸੰਗੀਤ ਨੂੰ ਦੇਣ
ਅਜੈਪਾਲ ਸਿੰਘ ਚਵਿੰਡਾ 9

ਬਹੁਪੱਖੀ ਸ਼ਖਸੀਅਤ ਡਾ. ਜਸਵੰਤ ਸਿੰਘ 'ਨੇਕੀ'
ਹਰਵਿੰਦਰ ਸਿੰਘ 'ਖਾਲਸਾ'ਬਠਿੰਡਾ 11

ਅਦੁਤੀ ਸ਼ਖਸੀਅਤ ਦੇ ਮਾਲਕ ਪ੍ਰਿੰਸੀਪਲ ਸਤਿਬੀਰ ਸਿੰਘ ਜੀ
ਹਰਵਿੰਦਰ ਸਿੰਘ 'ਖਾਲਸਾ'ਬਠਿੰਡਾ 14

-ਉਸਤਾਦ ਅਮੀਰ ਖਾਂ-
ਇੰਦੌਰ ਘਰਾਣੇ ਦੇ ਪ੍ਰਸਿਧ ਸ਼ਾਸਤਰੀ ਗਾਇਕ
ਡਾ.ਰਣਜੀਤ ਸਿੰਘ 17

(ਕਾਕਾ) ਭਾਈ ਅਵਤਾਰ ਸਿੰਘ ਸੰਤਰੇਣ 19


Donations to **AMRIT KIRTAN TRUST** are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012 and now valid in perpetuity, Cheques/Drafts should be sent in the name of **AMRIT KIRTAN TRUST** payable at Mohali. Donations can also be sent by money order at the address **AMRIT KIRTAN TRUST** (Regd.) 422, Sector 15-A, Chandigarh-160015. The Donations can be made by Electronic Transfer also. The bank details are : **AMRIT KIRTAN TRUST** Saving Bank A/c No. 65079603302, IFSC : SBIN0018141 in the State Bank of India, Phase 3B2, Mohali Punjab Branch. After such a Deposit, please inform us your Aadhar No., Pan No. Name & Address as also the deposit details to enable us to send you the receipt.

# ਐਸੋ ਭਾਉ ਬਿਦਰ ਕੋ ਦੇਖਿਓ

ਅੱਜ ਕਲ੍ਹ ਏ. ਪੀ. ਜੇ. ਅਬਦੁਲ ਕਲਾਮ ਦੀ ਪੁਸਤਕ 'ਇਗਨਾਇਟਡ ਮਾਇੰਡਸ' ਪੜ੍ਹ ਰਿਹਾ ਹਾਂ। ਇਸ ਵਿੱਚ ਇੱਕ ਵਿਦਿਆਰਥੀ ਦੇ ਪ੍ਰਸ਼ਨ ਦੇ ਉੱਤਰ ਵਿੱਚ ਉਹ ਦਸਦੇ ਹਨ ਕਿ ਉਹਨਾਂ ਨੂੰ ਮਹਾਂਭਾਰਤ ਵਿੱਚ ਬਿਦਰ ਨਾਮਕ ਪਾਤਰ ਵਧੇਰੇ ਪਸੰਦ ਹੈ। ਬਿਦਰ ਵਿੱਚ ਉਸ ਵੇਲੇ ਦੀ ਸਰਕਾਰ ਦੀਆਂ ਗਲਤੀਆਂ ਦੇ ਖਿਲਾਫ ਬੋਲਣ ਦੀ ਜੁਅਰੱਤ ਸੀ। ਅੱਜਕਲ੍ਹ ਦੇ ਸਮੇਂ ਵਿੱਚ ਆਪਣੇ ਲੀਡਰਾਂ ਵਿੱਚੋਂ ਅਜਿਹੀ ਜੁਅਰੱਤ ਵਾਲਾ ਵਿਅਕਤੀ ਲੱਭਣਾਂ ਮੁਸ਼ਕਲ ਹੈ।

ਗੁਰੂ ਗ੍ਰੰਥ ਸਾਹਿਬ ਵਿਸ਼ਵ ਕੋਸ਼ ਵਿੱਚ ਬਿਦਰ ਬਾਰੇ ਲਿਖਿਆ ਹੈ-ਰਾਜਾ ਵਿਚਿਤ੍ਰਵੀਰਯ ਦਾ ਉਸ ਦੀ ਦਾਸੀ ਸੁਦੇਸ਼ਣਾ ਤੋਂ ਵਿਆਸ ਦੁਆਰਾ ਪੈਦਾ ਕੀਤਾ ਪੁੱਤਰ ਜੋ ਮਹਾਂ ਭਾਰਤ ਵਿੱਚ ਦਾਸ-ਸੁਤ ਦੇ ਨਾਂ ਨਾਲ ਪ੍ਰਸਿੱਧ ਹੋਇਆ। ਇਹ ਬਹੁਤ ਹੀ ਨੀਤੀਵਾਨ ਅਤੇ ਕੌਰਵਾਂ-ਪਾਂਡਵਾਂ ਦਾ ਹਿਤ-ਚਿੰਤਕ ਸੀ। ਇਸ ਨੇ ਬਹੁਤ ਕੋਸ਼ਿਸ਼ ਕੀਤੀ ਕਿ ਯੁੱਧ ਟਲ ਜਾਵੇ, ਪਰ ਸਫਲ ਨਾ ਹੋ ਸਕਿਆ। ਇਸ ਨੇ ਦ੍ਰੋਪਤੀ ਦੇ ਚੀਰ-ਹਰਨ ਵੇਲੇ ਆਵਾਜ਼ ਉਠਾ ਕੇ ਕੌਰਵਾਂ ਨੂੰ ਅਜਿਹਾ ਪਾਪ ਕਰਨ ਤੋਂ ਵਰਜਿਆ ਸੀ। ਇਸ ਨੇ ਹੀ ਸਮੇਂ ਸਿਰ ਸੂਚਿਤ ਕਰਕੇ ਪਾਂਡਵਾਂ ਨੂੰ ਲਾਖ ਦੇ ਘਰ ਵਿੱਚ ਭਸਮ ਹੋਣ ਤੋਂ ਬਚਾਇਆ ਸੀ।

ਇਸ ਦੀ ਸਾਤਵਿਕ ਰੁਚੀ ਅਤੇ ਧਰਮ-ਭਾਵਨਾ ਤੋਂ ਸ੍ਰੀ ਕ੍ਰਿਸ਼ਨ ਬਹੁਤ ਪ੍ਰਭਾਵਿਤ ਸਨ। ਇਸੇ ਲਈ ਸ੍ਰੀ ਕ੍ਰਿਸ਼ਨ ਨੇ ਦੁਰਯੋਧਨ ਦੇ ਰਾਜ ਮਹਿਲ ਵਿੱਚ ਰਹਿਣ ਦੀ ਥਾਂ ਬਿਦਰ ਦੀ ਕੁਟੀਆ ਵਿੱਚ ਰਹਿ ਕੇ ਸਾਗ-ਪਾਤ ਖਾਣ ਨੂੰ ਅਧਿਕ ਮਹੱਤਵ ਦਿੱਤਾ, ਕਿਉਂ ਕਿ ਦੁਰਯੋਧਨ ਦੇ ਮਨ ਵਿੱਚ ਸਾਤਵਿਕ ਭਾਵ ਨਹੀਂ ਸੀ। ਗੁਰੂ ਗ੍ਰੰਥ ਸਾਹਿਬ ਵਿੱਚ ਵੀ ਬਿਦਰ ਦੀ ਉਸਤਤ ਕੀਤੀ ਗਈ ਹੈ।

ਪੁਛਹੁ ਬਿਦਰ ਦਾਸੀ ਸੁਤੈ ਕਿਸਨ ਉਤਰਿਆ ਘਰਿ ਜਿਸੁ ਜਾਇ॥ ਅੰਗ 733

ਧ੍ਰੂ ਪ੍ਰਹਿਲਾਦੁ ਬਿਦਰੁ ਦਾਸੀ ਸੁਤੁ ਗੁਰਮੁਖਿ ਨਾਮਿ ਤਰੇ॥ ਅੰਗ 995

ਦੀਨਾ ਦੀਨ ਦਇਆਲ ਭਏ ਹੈਂ ਜਿਉ ਕ੍ਰਿਸਨ ਬਿਦਰ ਘਰਿ ਆਇਆ॥ ਅੰਗ 1191

ਬਿਦਰ ਦਾਸੀ ਸੁਤੁ ਛੋਕ ਛੋਹਰਾ ਕ੍ਰਿਸਨੁ ਅੰਕਿ ਗਲਿ ਲਾਵੈਗੋ॥ ਅੰਗ 1309

ਗੁਰੂ ਅਰਜਨ ਦੇਵ ਜੀ ਬਿਦਰ ਬਾਰੇ ਉਚਾਰਦੇ ਹਨ-

ਬਿਦਰੁ ਦਾਸੀ ਸੁਤੁ ਭਇਓ ਪੁਨੀਤਾ ਸਗਲੇ ਕੁਲ ਉਜਾਰੇ॥ ਅੰਗ 999

ਬਿਦਰ ਉਧਰਿਓ ਦਾਸਤ ਭਾਇ॥ ਅੰਗ 1192

ਭਗਤ ਨਾਮ ਦੇਵ ਨੇ ਬਿਦਰ ਵੱਲ ਸੰਕੇਤ ਕੀਤਾ ਹੈ-

ਦਾਸੀ ਸੁਤ ਜਨ ਬਿਦਰੁ ਸੁਦਾਮਾ ਉਗ੍ਰਸੈਨ ਕਉ ਰਾਜ ਦੀਏ ॥ ਅੰਗ 345

ਭੱਟ ਕਲ ਵੀ ਬਿਦਰ ਲਈ ਸਤਿਕਾਰ ਭੇਟ ਕਰਦਾ ਹੈ-

ਉਧੌ ਅਕ੍ਰੂਰ ਬਿਦਰੁ ਗੁਣ ਗਾਵੈ ਸਰਬਾਤਮ ਜਿਨਿ ਜਾਣਿਓ ॥ ਅੰਗ 1389

ਭਗਤ ਕਬੀਰ ਜੀ ਨੇ ਤਾਂ ਬਿਦਰ ਬਾਰੇ ਕ੍ਰਿਸ਼ਨ ਜੀ ਦੇ ਪ੍ਰੇਮ ਸਬੰਧੀ ਪੂਰਾ ਸ਼ਬਦ ਰਚਿਆ ਹੈ-

ਰਾਜਨ ਕਉਨ ਤੁਮਾਰੈ ਆਵੈ ॥
ਐਸੋ ਭਾਉ ਬਿਦਰੁ ਕੋ ਦੇਖਿਓ ਉਹ ਗਰੀਬੁ ਮੋਹਿ ਭਾਵੈ ॥ ਰਹਾਉ ॥
ਹਸਤੀ ਦੇਖਿ ਭਰਮ ਤੇ ਭੂਲਾ ਸ੍ਰੀ ਭਗਵਾਨ ਨ ਜਾਨਿਆ ॥
ਤੁਮਰੋ ਦੂਧੁ ਬਿਦਰੁ ਕੋ ਪਾਨੋ ਅੰਮ੍ਰਿਤ ਕਰਿ ਮੈ ਮਾਨਿਆ ॥
ਖੀਰ ਸਮਾਨਿ ਸਾਗੁ ਮੈ ਪਾਇਆ ਗੁਨ ਗਾਵਤ ਰੈਨਿ ਬਿਹਾਨੀ ॥
ਕਬੀਰ ਕੋ ਠਾਕੁਰੁ ਅਨਦ ਬਿਨੋਦੀ ਜਾਤਿ ਨ ਕਾਹੂ ਕੀ ਮਾਨੀ ॥

ਭਾਈ ਗੁਰਦਾਸ ਜੀ ਨੇ ਬਿਦਰ ਦੇ ਪ੍ਰੇਮ ਦੀ ਮਹਿਮਾ ਨੂੰ ਇਕ ਪਉੜੀ ਵਿੱਚ ਇੰਜ ਬਿਆਨ ਕੀਤਾ ਹੈ-

ਆਇਆ ਸੁਣਿਆ ਬਿਦਰ ਦੇ ਬੋਲੈ ਦੁਰਯੋਧਨਿ ਹੋਇ ਰੁਖਾ।
ਘਰਿ ਅਸਾਡੇ ਛਡਿ ਕੈ ਗੋਲੇ ਦੇ ਘਰਿ ਜਾਇ ਕੇ ਸੁਖਾ।
ਭੀਖਮ ਦ੍ਰੋਣਾ ਕਰਣ ਤਜਿ ਸਭਾ ਸੀਗਾਰ ਵਡੇ ਮਾਨੁਖਾ।
ਝੁੰਗੀ ਜਾਇ ਵਲਾਇਓਨੁ ਸਭਨਾ ਦੇ ਜੀਅ ਅੰਦਰ ਧੁਖਾ।
ਹਸ ਬੋਲੇ ਭਗਵਾਨ ਜੀ ਸੁਣਿਹੋ ਰਾਜਾ ਹੋਇ ਸਨਮੁਖਾ।
ਭਾਉ ਜਿਵੇਹਾ ਬਿਦਰ ਦੇ ਹੋਰੀ ਦੇ ਚਿਤ ਚਾਉ ਨ ਚੁਖਾ।
ਗੋਬਿੰਦ ਭਾਉ ਭਗਤ ਦਾ ਭੁਖਾ।

ਗੁਰੂ ਸਾਹਿਬਾਨ,ਭਗਤ,ਭੱਟ ਅਤੇ ਭਾਈ ਗੁਰਦਾਸ ਜੀ ਬਿਦਰ ਦੇ ਦਾਸੀ ਸੁਤ ਹੋਣ ਦੇ ਬਾਵਜੂਦ ਉਸ ਦੇ ਭਗਵਾਨ ਨਾਲ ਅਨਿੰਨ ਪ੍ਰੇਮ ਦੀ ਚਰਚਾ ਕਰਦੇ ਹਨ। ਸ਼ਾਇਦ ਸੁੱਚਾ ਪ੍ਰੇਮ ਕਰਨ ਵਾਲਿਆਂ ਵਿੱਚ ਹੀ ਅਨਿਆ ਅਤੇ ਝੂਠ ਦੇ ਖਿਲਾਫ ਬੋਲਣ ਦੀ ਜੁਅਰੱਤ ਹੁੰਦੀ ਹੈ। ਇਸੇ ਲਈ ਸਾਡੇ ਰਾਸ਼ਟਰਪਤੀ ਵੀ ਬਿਦਰ ਦੇ ਜੀਵਨ ਤੋਂ ਪ੍ਰਭਾਵਿਤ ਹਨ। ----- (ਜੂਨ 2005 ਦਾ ਸੰਪਾਦਕੀ)

**ਭੁੱਲ ਚੁੱਕ ਖਿਮਾ**

**ਜ਼ਰੂਰੀ ਬੇਨਤੀ**

ਮੈਗਜ਼ੀਨ ਮਿਲਣ ਤੇ ਸੂਚਨਾ ਜ਼ਰੂਰ ਦਿਓ ਜੀ ।

ਸੰਪਾਦਕ ਮੋਬਾਇਲ 98556-40630

# ਕੀਰਤਨ

**ਪ੍ਰੋ. ਸਾਹਿਬ ਸਿੰਘ**

ਇਮਤਿਹਾਨ ਵਿਚ ਹਿਸਾਬ ਦਾ ਸੁਆਲ ਜੇ ਗ਼ਲਤ ਹੋ ਜਾਏ ਤਾਂ ਸਿਆਣਾ ਵਿਦਿਆਰਥੀ ਉਸ ਨੂੰ ਛੱਡ ਕੇ ਹੋਰ ਸੁਆਲ ਕਰਨ ਲੱਗ ਪੈਂਦਾ ਹੈ। ਅਖ਼ੀਰ 'ਤੇ ਮੁੜ ਪਹਿਲਾ ਸੁਆਲ ਕੱਢਿਆਂ ਆਪਣੇ ਆਪ ਠੀਕ ਨਿਕਲ ਪੈਂਦਾ ਹੈ, ਪਰ, ਜੇ ਗਲਤ ਸੁਆਲ ਉੱਤੇ ਹੀ ਜ਼ੋਰ ਲਗਾਈ ਜਾਈਏ ਤਾਂ ਉਸ ਵਿਚ ਸਗੋਂ ਹੋਰ ਗੁੰਝਲਾਂ ਪੈਂਦੀਆਂ ਜਾਂਦੀਆਂ ਹਨ।

ਕਈ ਵਾਰੀ ਕਿਸੇ ਮਿੱਤਰ ਜਾਂ ਵਾਕਫ਼ ਦਾ ਨਾਂ ਭੁੱਲ ਜਾਂਦਾ ਹੈ; ਜਿਉਂ ਜਿਉਂ ਚੇਤਾ ਕਰਨ ਦਾ ਜਤਨ ਕਰੀਏ, ਨਾਂ ਭੁੱਲਾ ਹੀ ਰਹਿੰਦਾ ਹੈ, ਪਰ, ਥੋੜੇ ਚਿਰ ਪਿਛੋਂ ਆਪੇ ਹੀ ਯਾਦ ਆ ਜਾਂਦਾ ਹੈ।

ਰਾਤ ਨੂੰ ਸੁਫਨੇ ਵਿਚ ਕਈ ਐਸੇ ਕੰਮ ਤੇ ਮਨੁੱਖ ਯਾਦ ਆ ਜਾਂਦੇ ਹਨ, ਜਿਨ੍ਹਾਂ ਨਾਲ ਵਾਹ ਪਿਆਂ ਕਈ ਸਾਲ ਹੋ ਚੁਕੇ ਹੁੰਦੇ ਹਨ ਤੇ ਉਹ ਚੇਤੇ ਤੋਂ ਵਿਸਰ ਚੁਕੇ ਹੁੰਦੇ ਹਨ।

ਇਨ੍ਹਾਂ ਹੱਡ-ਬੀਤੀਆਂ ਤੋਂ ਇਹ ਸਮਝ ਆਉਂਦੀ ਹੈ ਕਿ ਮਨੁੱਖ ਦੀ ਜੀਵਨ-ਦੌੜ ਨਿਰਾ 'ਸੁਚੇਤ ਮਨ' (Conscious Mind) ਦੇ ਹੀ ਆਸਰੇ ਨਹੀਂ ਹੈ। ਰੋਜ਼ ਦੇ ਕਈ ਕੀਤੇ ਕੰਮ ਹਰ ਵੇਲੇ ਚੇਤੇ ਨਹੀਂ ਰਹਿ ਸਕਦੇ ਤੇ ਨਾ ਹੀ ਉਹ ਉੱਕਾ ਮਿਟ ਜਾਂਦੇ ਹਨ, ਇਹ ਸਾਰੇ 'ਅਚੇਤ ਮਨ' (Subconscious Mind) ਵਿਚ ਜਮ੍ਹਾ ਹੁੰਦੇ ਜਾਂਦੇ ਹਨ।

'ਸੋ, ਸੁਚੇਤ ਮਨ' ਅਤੇ 'ਅਚੇਤ ਮਨ' ਦੋਵੇਂ ਮਿਲਵੇਂ ਇਕ ਬਰਫ਼ ਦੇ ਬਹੁਤ ਵੱਡੇ ਢੇਰ ਦੇ ਸਮਾਨ ਹਨ, ਜੋ ਸਮੁੰਦਰ ਦੀ ਤਹਿ ਉਤੇ ਤਰਦਾ ਹੋਇਆ ਉੱਪਰ ਤਾਂ ਨਿੱਕਾ ਜਿਹਾ ਜਾਪਦਾ ਹੈ, ਪਰ ਪਾਣੀ ਵਿਚ ਮੀਲ ਮੀਲ, ਦੋ ਦੋ ਮੀਲ ਲੰਮਾ ਚੌੜਾ ਹੁੰਦਾ ਹੈ, ਜ਼ਿੰਦਗੀ ਦੇ ਲੰਮੇ ਸਫ਼ਰ ਵਿਚ ਜੋ ਜੋ ਕੰਮ ਕੀਤੇ ਹਨ, ਉਨ੍ਹਾਂ ਦਾ ਨਿਚੋੜ ਹੈ। ਮਨ ਇਕ ਡੂੰਘਾ ਸਮੁੰਦਰ ਹੈ, ਉਪਰਲੀਆਂ ਲਹਿਰਾਂ ਤੇ ਠਾਠਾਂ 'ਸੁਚੇਤ ਮਨ' ਹੈ; ਤੇ ਹੇਠਾਂ ਡੂੰਘਾ ਪਾਣੀ 'ਅਚੇਤ ਮਨ' ਹੈ।

ਉਪਰਲੀਆਂ ਹੱਡ-ਬੀਤੀਆਂ ਦਸਦੀਆਂ ਹਨ ਕਿ ਜਦੋਂ 'ਅਚੇਤ ਮਨ' ਨੂੰ ਮੌਕਾ ਦਿੱਤਾ ਜਾਏ ਤਾਂ ਇਹ 'ਸੁਚੇਤ ਮਨ' ਨੂੰ ਸਿੱਧੇ ਰਸਤੇ ਉਤੇ ਲਿਆਉਣ ਵਿਚ ਸਹਾਇਤਾ ਕਰਦਾ ਹੈ।

-੨-

ਜਦੋਂ ਕਦੇ ਮਨੁੱਖ ਦਾ ਸਰੀਰ ਕਿਸੇ ਰੋਗ ਵਿਚ ਫਸ ਜਾਂਦਾ ਹੈ ਤਾਂ ਸਰੀਰਕ ਤਕਲੀਫ਼ ਦੇ ਕਾਰਨ 'ਮਨ' ਭੀ ਢੱਠਾ ਰਹਿੰਦਾ ਹੈ, ਉਦਾਸੀ ਜਿਹੀ ਬਣੀ ਰਹਿੰਦੀ ਹੈ। ਕਦੇ ਕੋਈ ਮਾਇਕ ਨੁਕਸਾਨ ਹੋ ਜਾਏ, ਕਿਸੇ ਪਿਆਰੇ ਮਿੱਤਰ ਸੰਬੰਧੀ ਦੀ ਮੌਤ ਦੀ ਖ਼ਬਰ ਮਿਲੇ ਤਾਂ 'ਮਨ' ਚਿੰਤਾਤੁਰ ਹੋ ਜਾਂਦਾ ਹੈ ਤੇ ਮਨ ਦੀ ਇਸ ਚਿੰਤਾ ਦੇ ਕਾਰਨ 'ਸਰੀਰ' ਭੀ ਸੁਸਤ ਹੋ ਜਾਂਦਾ ਹੈ।

ਜੇ ਹਰ ਵੇਲੇ ਇਹ ਸੋਚਦੇ ਰਹੀਏ ਕਿ ਕਿਤੇ ਫ਼ਲਾਣੀ ਬੀਮਾਰੀ ਨਾ ਹੋ ਜਾਏ, ਤਾਂ ਉਸ ਬੀਮਾਰੀ ਦੇ ਲੱਛਣ ਸਰੀਰ ਵਿਚ ਪਰਗਟ ਹੋਣ ਲੱਗ ਪੈਂਦੇ ਹਨ, ਕਿਉਂਕਿ ਮਨੁੱਖ ਦੇ 'ਸਰੀਰ' ਅਤੇ 'ਮਨ' ਦਾ ਆਪੋ ਵਿਚ ਡੂੰਘਾ ਸੰਬੰਧ ਹੈ।

ਜ਼ਿੱਦੀ ਮਨ ਜ਼ਿੱਦਾਂ ਵਾਲੇ ਕੰਮ ਹੀ ਕਰਾਈ ਜਾਂਦਾ ਹੈ; ਅਮੋੜ ਬੱਚੇ ਨੂੰ ਜੇ ਝਿੜਕੋ ਤਾਂ ਉਸ ਦੀਆਂ ਜ਼ਿੱਦਾਂ ਸਗੋਂ ਵਧਦੀਆਂ ਹਨ। ਜ਼ਿੱਦ ਵਿਚ ਆਇਆ ਨਿੱਕਾ ਬਾਲ ਜੇ ਰੋਈ ਜਾਏ ਤਾਂ ਉਸ ਨੂੰ ਲੋਰੀ ਦਿਉ, ਤੁਰੰਤ ਸੌਂ ਜਾਏਗਾ।

ਭਲਾ, ਕਿਉਂ?

ਜ਼ਿੱਦੀ ਬਾਲ ਦਾ 'ਸੁਚੇਤ ਮਨ' ਲੋਰੀ ਸੁਣਨ ਦੇ ਆਹਰੇ ਲੱਗ ਜਾਂਦਾ ਹੈ, ਸਰੀਰ ਭੀ ਓਧਰੇ ਜਾ ਲੱਗਦਾ ਹੈ ਤੇ ਬਾਲ ਨੂੰ ਜ਼ਿੱਦ ਕਰਨੀ ਭੁੱਲ ਜਾਂਦੀ ਹੈ।

ਕਈ ਬੱਚੇ ਐਸੇ ਜ਼ਿੱਦੀ ਹੁੰਦੇ ਹਨ ਕਿ ਜੇ ਉਨ੍ਹਾਂ ਨੂੰ ਦੁੱਧ ਪੀਣ ਲਈ ਆਖਿਆ ਜਾਏ, ਤਾਂ ਉਹ ਸਗੋਂ ਹਠ ਕਰ ਬੈਠਦੇ ਹਨ ਤੇ ਦੁੱਧ ਨਹੀਂ ਪੀਂਦੇ। ਐਸੇ ਜ਼ਿੱਦੀ ਸੁਭਾਉ ਵਾਲੇ ਇਕ ਬੱਚੇ ਨੂੰ ਦੇਖਿਆ ਕਿ ਉਸ ਦੀ ਮਾਂ ਉਸ ਨੂੰ ਉਸ ਵੇਲੇ ਦੁੱਧ ਪਿਲਾਂਦੀ ਸੀ ਜਦੋਂ ਉਹ ਸੌਂ ਜਾਂਦਾ ਸੀ। ਸੁੱਤੇ ਬੱਚੇ ਨੂੰ ਬਿਠਾ ਕੇ, ਸਹਿਜੇ ਜਿਹੇ ਕਹਿੰਦੀ ਸੀ-ਲੈ ਕਾਕਾ, ਦੁੱਧ ਪੀ ਲੈ। ਉਹ ਅਡੋਲ ਦੁੱਧ ਪੀ ਲੈਂਦਾ ਸੀ। ਇਸ ਦਾ ਕਾਰਨ ਇਹ ਹੁੰਦਾ ਹੈ ਕਿ-ਅਮੋੜ 'ਸੁਚੇਤ ਮਨ' ਅਤੇ ਉਸ ਦੇ ਕਹੇ ਉਤੇ ਤੁਰਨ ਵਾਲਾ 'ਸਰੀਰ', ਦੋਵੇਂ ਸੁੱਤੇ ਪਏ ਹਨ; ਹੁਣ ਜੋ ਪ੍ਰੇਰਨਾ ਕੀਤੀ ਜਾਂਦੀ ਹੈ, ਉਹ 'ਅਚੇਤ ਮਨ' ਨੂੰ ਕੀਤੀ ਜਾਂਦੀ ਹੈ (ਕਿਉਂਕਿ 'ਸੁਚੇਤ ਮਨ' ਦੇ ਸੌਣ ਵੇਲੇ 'ਅਚੇਤ ਮਨ' ਨਿਗਰਾਨੀ ਰੱਖਦਾ ਹੈ), 'ਸੁਚੇਤ ਮਨ' ਦੀ ਰੋਕ ਰਾਹ ਵਿਚ ਨਹੀਂ ਹੈ ਤੇ ਬੱਚਾ ਕਿਹਾ ਮੰਨ ਲੈਂਦਾ ਹੈ।

-੩-

ਹਰੇਕ ਮਨੁੱਖ ਦੀਆਂ ਆਪੋ ਆਪਣੀਆਂ ਵਾਦੀਆਂ ਹਨ, ਜਿਨ੍ਹਾਂ ਵਿੱਚੋਂ ਨਿਕਲਣਾ ਔਖਾ ਹੈ, ਅਮੋੜ 'ਸੁਚੇਤ ਮਨ' ਨਾਲ ਹਰੇਕ ਮਨੁੱਖ ਨੂੰ ਸਦਾ ਟਾਕਰਾ ਕਰਨਾ ਪੈਂਦਾ ਹੈ। ਪਰ ਜ਼ਿੱਦੀ ਬਾਲ ਵਾਂਗ, ਜੇ ਕਿਸੇ ਅਮੋੜ-ਪੁਣੇ ਤੋਂ ਰੋਕਣ ਦਾ ਸਿੱਧਾ ਜਤਨ ਕਰੀਏ ਤਾਂ ਉਹ ਅਮੋੜ-ਪੁਣਾ ਸਗੋਂ ਵਧਦਾ ਹੈ। ਸੌਖਾ ਤੇ ਗੁਣਕਾਰੀ ਢੰਗ ਇਹੀ ਹੈ ਕਿ 'ਅਚੇਤ ਮਨ' ਨੂੰ ਮੌਕਾ ਦਿੱਤਾ ਜਾਏ। ਉਹ ਮੌਕਾ ਕਦੋਂ ਮਿਲ ਸਕਦਾ ਹੈ? ਜਦੋਂ 'ਸੁਚੇਤ ਮਨ' ਸੌਣ ਲੱਗੇ ਜਾਂ ਆਲਸ ਜਿਹੇ ਵਿਚ ਹੋਵੇ। ਸੋ, ਕੁਦਰਤ ਵੱਲੋਂ ਇਨਸਾਨ ਨੂੰ ਦੋ ਐਸੇ ਸਮੇਂ ਰੋਜ਼ ਮਿਲਦੇ ਹਨ, ਜਦੋਂ 'ਸੁਚੇਤ ਮਨ' ਉੱਤੇ 'ਅਚੇਤ ਮਨ' ਆਪਣਾ ਪਰਭਾਵ ਪਾ ਸਕਦਾ ਹੈ; ਉਹ ਦੋ ਸਮੇ ਹਨ ਰਾਤ ਨੂੰ ਸੌਣ ਵੇਲਾ ਤੇ ਸਵੇਰੇ ਜਾਗਣ ਦਾ ਵੇਲਾ। ਕਈ ਸਰੀਰਕ ਰੋਗ ਐਸੇ ਹਨ-ਜੋ ਇਨ੍ਹਾਂ ਸਮਿਆਂ 'ਤੇ 'ਅਚੇਤ ਮਨ' ਨੂੰ ਅਰੋਗਤਾ ਦੀ ਪ੍ਰੇਰਨਾ ਦੇਣ ਨਾਲ ਦੂਰ ਹੋ ਸਕਦੇ ਹਨ। ਫ਼ਰਾਂਸ ਵਿਚ ੧੯੨੧ ਈ. ਵਿਚ ਤੇ ਉਸ ਤੋਂ ਪਿਛੋਂ ਕਈ ਸ਼ਹਿਰਾਂ ਵਿਚ ਐਸੇ ਤਜਰਬੇ ਕੀਤੇ ਗਏ।

ਖ਼ਾਸ ਤੌਰ ਤੇ ਮੁਲਕ ਫ਼ਰਾਂਸ ਦੇ ਸ਼ਹਿਰ ਨੈਨਸੀ(Nancy) ਵਿਚ ਇਕ ਸ਼ਖ਼ਸ ਡਾਕਟਰ ਕੂਈ ਨੇ ਇਸ ਉੱਦਮ ਵਿਚ ਬੜੀ ਕਾਮਯਾਬੀ ਹਾਸਲ ਕੀਤੀ। ਦੂਰੋਂ-ਦੂਰੋਂ ਕਈ ਰੋਗਾਂ ਦੇ ਮਰੀਜ਼ ਉਸ ਪਾਸ ਆਉਂਦੇ ਸਨ। ਡਾਕਟਰ ਪਹਿਲਾਂ ਹਰੇਕ ਰੋਗੀ ਦੇ ਰੋਗ ਦੀ ਵਿਥਿਆ ਬੜੇ ਗਹੁ ਤੇ ਹਮਦਰਦੀ ਨਾਲ ਸੁਣਦਾ ਸੀ ਤੇ ਫਿਰ ਹਰੇਕ ਰੋਗੀ ਦੇ ਰੋਗ ਦੇ ਮੁਆਫ਼ਿਕ ਕੁਝ ਐਸੀ ਤੁਕ ਉਸ ਨੂੰ ਯਾਦ ਕਰਾਂਦਾ ਸੀ ਜਿਸ ਦਾ ਭਾਵ ਤਕਰੀਬਨ ਇਉਂ ਹੁੰਦਾ ਸੀ-

"ਦਿਨੋ ਦਿਨ ਤੇਰੀ ਕਿਰਪਾ ਸਿਉਂ, ਮੈਂ ਹਰ ਤਰ੍ਹਾਂ ਵੱਲ ਹੋ ਰਿਹਾ ਹਾਂ।"

ਮਰੀਜ਼ ਨੂੰ ਹਿਦਾਇਤ ਕੀਤੀ ਜਾਂਦੀ ਸੀ ਕਿ ਰਾਤ ਨੂੰ ਸੌਣ ਵੇਲੇ ਮੰਜੇ 'ਤੇ ਲੇਟ ਕੇ, ਜਦੋਂ ਨੀਂਦਰ ਦਾ ਅਸਰ ਹੋਣਾ ਸ਼ੁਰੂ ਹੋ ਜਾਏ, ਤਾਂ ਇਸ ਤੁਕ ਨੂੰ ਵੀਹ ਵਾਰੀ ਉੱਚੀ ਉੱਚੀ ਤੇ ਛੇਤੀ-ਛੇਤੀ ਪੜ੍ਹੀ ਜਾਏ ਤੇ ਪੜ੍ਹਦਾ-ਪੜ੍ਹਦਾ ਸੌਂ ਜਾਏ। ਉੱਚੀ ਉੱਚੀ ਇਸ ਵਾਸਤੇ ਕਿ ਉਸ ਦੇ ਕੰਨ ਸੁਣਦੇ ਜਾਣ ਤੇ ਇਸ ਤਰ੍ਹਾਂ ਮਨ ਇਸੇ ਖ਼ਿਆਲ ਤੇ ਟਿਕਿਆ ਰਹੇ, ਛੇਤੀ-ਛੇਤੀ ਇਸ ਵਾਸਤੇ ਕਿ 'ਸੁਚੇਤ ਮਨ' ਨੂੰ ਇਸ ਅਰੋਗਤਾ ਵਾਲੇ ਖ਼ਿਆਲ ਦੇ ਉਲਟ ਕੁਝ ਹੋਰ ਸੋਚਣ ਦਾ ਮੌਕਾ ਹੀ ਨਾ ਮਿਲ ਸਕੇ; ਪੜ੍ਹਦਾ-ਪੜ੍ਹਦਾ ਸੌਂ ਜਾਏ, ਇਸ ਵਾਸਤੇ ਕਿ ਇਹ ਅਰੋਗਤਾ ਵਾਲੀ ਪ੍ਰੇਰਨਾ ਸਿੱਧੀ 'ਅਚੇਤ ਮਨ' ਨੂੰ ਹੋ ਜਾਏ, ਜਿਸ ਨੇ ਸੁੱਤੇ ਹੋਏ 'ਸੁਚੇਤ ਮਨ' ਦੇ ਥਾਂ ਨਿਗਰਾਨੀ ਕਰਨੀ ਹੈ। ਦਿਨੇ ਜਾਗਦੇ-ਸਾਰ ਮੰਜੇ 'ਤੇ ਪਿਆਂ ਹੀ ਫਿਰ ਇਹੀ ਮੁਹਾਰਨੀ ਪੜ੍ਹਨੀ ਹੈ।

ਇਕ ਸ਼ਖਸ, ਜਿਸ ਨੇ ਡਾਕਟਰ ਕੂਈ ਦੇ ਇਹ ਤਜਰਬੇ ਕਈ ਵਾਰੀ ਜਾ ਕੇ ਬੜੇ ਗਹੁ ਨਾਲ ਵੇਖੇ, ਲਿਖਦਾ ਹੈ ਕਿ ਜ਼ਿੱਦੀ ਬਾਲਾਂ ਦੀ ਜ਼ਿੱਦ ਦਾ ਇਲਾਜ ਭੀ ਉਹ ਇਸੇ ਤਰ੍ਹਾਂ ਹੀ ਕਰਦਾ ਸੀ। ਬੱਚੇ ਦੀ ਮਾਂ ਨੂੰ ਹਿਦਾਇਤ ਕਰਦਾ ਸੀ

ਕਿ ਸੁੱਤੇ ਬੱਚੇ ਦੇ ਪਾਸ ਬੈਠ ਕੇ ਸਹਿਜੇ ਸਹਿਜੇ ਬੱਚੇ ਨੂੰ ਬੜੇ ਪਿਆਰ ਨਾਲ ਆਖੀ ਜਾਏ- 'ਕਾਕਾ ! ਤੂੰ ਬੜਾ ਬੀਬਾ ਬਣ ਰਿਹਾ ਹੈਂ, ਤੂੰ ਬੜਾ ਚੰਗਾ ਬਣ ਰਿਹਾ ਹੈ।' ਇਸ ਵਿਚ ਇਹ ਖ਼ਿਆਲ ਰੱਖਣਾ ਹੁੰਦਾ ਹੈ ਕਿ ਅਵਾਜ਼ ਇਤਨੀ ਉੱਚੀ ਨਾ ਹੋ ਜਾਏ ਜਿਸ ਨਾਲ ਬੱਚੇ ਦੀ ਨੀਂਦ ਉੱਖੜ ਜਾਏ। ਦੂਜੀ ਜ਼ਰੂਰੀ ਗੱਲ ਇਹ ਭੀ ਹੈ ਕਿ ਭਾਵੇਂ ਕਿਸੇ ਸਿਆਣੇ ਮਨੁੱਖ ਦਾ ਇਲਾਜ ਕੀਤਾ ਜਾ ਰਿਹਾ ਭਾਵੇਂ ਕਿਸੇ ਬਾਲ ਦਾ, ਭਾਵੇਂ ਰੋਗ ਸਰੀਰ ਨੂੰ ਹੈ ਤੇ ਭਾਵੇਂ ਮਨ ਨੂੰ, ਕਿਸੇ ਹਾਲਤ ਵਿਚ ਭੀ ਰੋਗੀ ਨੂੰ ਉਸ ਦੇ ਰੋਗ ਦਾ ਚੇਤਾ ਨਹੀਂ ਕਰਾਣਾ।

ਇਹੀ ਕਾਰਨ ਹੈ ਕਿ ਸੌਣ ਵੇਲੇ ਤੇ ਜਾਗਣ ਵੇਲੇ ਗੁਰਬਾਣੀ ਦੀ ਰਾਹੀਂ 'ਅਚੇਤ ਮਨ' ਨੂੰ ਪ੍ਰੇਰਨਾ ਸਿੱਖ-ਧਰਮ ਦਾ ਜ਼ਰੂਰੀ ਅੰਗ ਹੈ:

(੧) ਫਰੀਦਾ ਪਿਛਲ ਰਾਤਿ ਨ ਜਾਗਿਓਹਿ ਜੀਵਦੜੋ ਮੁਇਓਹਿ॥
ਜੇ ਤੈ ਰਬੁ ਵਿਸਾਰਿਆ ਤ ਰਬਿ ਨ ਵਿਸਰਿਓਹਿ॥੧੦੭॥
ਪਹਿਲੈ ਪਹਿਰੈ ਫੁਲੜਾ ਫਲੁ ਭੀ ਪਛਾ ਰਾਤਿ॥
ਜੋ ਜਾਗੰਨਿ ਲਹੰਨਿ ਸੇ ਸਾਈ ਕੰਨੋ ਦਾਤਿ॥੧੧੨॥

(ਸਲੋਕ, ਭਗਤ ਸ਼ੇਖ ਫਰੀਦ ਜੀ)

(੨) ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥
ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ॥
ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ॥ (ਜਪੁ)

(੩) ਅਠੀ ਪਹਰੀ ਅਠ ਖੰਡ ਨਾਵਾ ਖੰਡੁ ਸਰੀਰੁ॥
ਤਿਸੁ ਵਿਚਿ ਨਉ ਨਿਧਿ ਨਾਮੁ ਏਕੁ ਭਾਲਹਿ ਗੁਣੀ ਗਹੀਰੁ॥
ਕਰਮਵੰਤੀ ਸਾਲਾਹਿਆ ਨਾਨਕ ਕਰਿ ਗੁਰੁ ਪੀਰੁ॥
ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ॥
ਤਿਨਾ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ॥
ਓਥੈ ਅੰਮ੍ਰਿਤੁ ਵੰਡੀਐ ਕਰਮੀ ਹੋਇ ਪਸਾਉ॥
ਕੰਚਨ ਕਾਇਆ ਕਸੀਐ ਵੰਨੀ ਚੜੈ ਚੜਾਉ॥
ਜੇ ਹੋਵੈ ਨਦਰਿ ਸਰਾਫ ਕੀ ਬਹੁੜਿ ਨ ਪਾਈ ਤਾਉ॥

(ਮਲਾਰ ਕੀ ਵਾਰ, ਮਹਲਾ ੩)

(੪) ਬਾਬੀਹਾ ਅੰਮ੍ਰਿਤ ਵੇਲੈ ਬੋਲਿਆ ਤਾਂ ਦਰਿ ਸੁਣੀ ਪੁਕਾਰ॥
ਮੇਘੈ ਨੋ ਫੁਰਮਾਨੁ ਹੋਆ ਵਰਸਹੁ ਕਿਰਪਾ ਧਾਰਿ॥
ਹਉ ਤਿਨ ਕੈ ਬਲਿਹਾਰਣੈ ਜਿਨੀ ਸਚੁ ਰਖਿਆ ਉਰਿ ਧਾਰਿ॥
ਨਾਨਕ ਨਾਮੇ ਸਭ ਹਰੀਆਵਲੀ ਗੁਰ ਕੈ ਸਬਦਿ ਵੀਚਾਰਿ॥੧॥੧੯॥

(ਮਲਾਰ ਕੀ ਵਾਰ, ਮਹਲਾ ੩)

(੫) ਬੇਦਾਰੀ ਅਸਤ ਜ਼ਿੰਦਗੀਇ ਸਾਹਿਬਾਨਿ ਸ਼ੌਕ
ਗੋਯਾ ਹਰਾਮ ਕਰਦਮ ਅਜ਼ ਆਇੰਦਾ ਖ਼ਾਬਿ ਸੁਬਹਾ।

(ਭਾਈ ਨੰਦ ਲਾਲ ਜੀ, ਗ਼ਜ਼ਲ ੧੭)

ਭਾਵ, ਰੱਬੀ ਇਸ਼ਕ ਦੇ ਰਾਹ 'ਤੇ ਤੁਰਨ ਵਾਲਿਆਂ ਲਈ ਅੰਮ੍ਰਿਤ ਵੇਲੇ ਜਾਗਣਾ 'ਜ਼ਿੰਦਗੀ' ਹੈ। ਹੇ ਗੋਇਆ! ਮੈ ਭੀ ਅੱਜ ਤੋਂ ਅੰਮ੍ਰਿਤ ਵੇਲੇ ਸੁੱਤੇ ਰਹਿਣ ਨੂੰ ਹਰਾਮ ਸਮਝ ਲਿਆ ਹੈ।

-੪-

ਸੌਣ ਵੇਲੇ ਤੇ ਜਾਗਣ ਵੇਲੇ 'ਸੁਚੇਤ ਮਨ' ਆਲਸ ਜਿਹੇ ਵਿਚ ਹੁੰਦਾ ਹੇ, ਇਸ ਦੀ ਦੌੜ-ਭੱਜ ਢਿੱਲੀ ਪੈ ਜਾਂਦੀ ਹੈ, ਇਸ ਵਾਸਤੇ 'ਅਚੇਤ ਮਨ' ਗੁਰਬਾਣੀ ਦੀ ਰਾਹੀਂ ਭਲੀ ਪ੍ਰੇਰਨਾ ਲੈ ਕੇ ਇਸ ਵਿਗੜੇ 'ਸੁਚੇਤ ਮਨ' ਨੂੰ ਠੀਕ ਲੀਹਾਂ ਉਤੇ ਲਿਆਉਣ ਵਿਚ ਸਹਾਇਤਾ ਕਰਦਾ ਹੈ।

ਕੀ ਕੋਈ ਹੋਰ ਭੀ ਤਰੀਕਾ ਹੈ, ਜਿਸ ਨਾਲ 'ਸੁਚੇਤ ਮਨ' ਦੀ ਦੌੜ-ਭੱਜ ਢਿੱਲੀ ਹੋ ਸਕੇ ਤੇ ਭਲੀ ਹੋ ਸਕੇ ਤੇ ਭਲੀ ਪ੍ਰੇਰਨਾ ਇਸ ਉਤੇ ਪ੍ਰਭਾਵ ਪਾ ਸਕੇ?

ਚਲਦੀ ਗੱਡੀ ਵਿਚ ਲੰਮੇ ਪੈ ਜਾਓ ਤੇ ਉਸ ਦੇ ਪਹੀਆਂ ਦਾ ਖੜਾਕ ਸੁਣੋ, ਛੇਤੀ ਹੀ ਨੀਂਦ ਆ ਜਾਂਦੀ ਹੈ। ਪਹਾੜੀ ਨਦੀ ਦੇ ਕੰਢੇ ਬੈਠ ਕੇ ਪਾਣੀ ਦੀ ਅਵਾਜ਼ ਸੁਣੋ, ਝਬਦੇ ਹੀ ਨੀਂਦ ਜਿਹੀ ਆ ਜਾਂਦੀ ਹੈ। ਚਲਦੇ ਖੂਹ ਦੇ ਕੁੱਤੇ ਦੀ ਟਕ-ਟਕ ਸੁਣੀ ਜਾਓ, ਮਸਤੀ ਜਿਹੀ ਆਉਣ ਲਗ ਪੈਂਦੀ ਹੈ।

ਕਿਉਂ?

ਲਗਾਤਾਰ ਹੋ ਰਹੇ 'ਨਾਦ ਨੂੰ ਸੁਣਿਆਂ 'ਸੁਚੇਤ ਮਨ' ਆਪਣੀ ਭੱਜ-ਦੌੜ ਤੋਂ ਢਿੱਲਾ ਹੋ ਜਾਂਦਾ ਹੈ। ਸੋ, 'ਰਾਗ' ਵਿਚ ਇਹ ਸਿਫ਼ਤ ਹੈ ਕਿ ਮਨ ਨੂੰ ਇਹ ਸਰੂਰ ਵਿਚ ਲਿਆ ਕੇ ਇਸ ਦੇ ਤੌਖਲੇ ਮਿਟਾ ਕੇ ਇਸ ਨੂੰ ਮਸਤ ਜਿਹਾ ਕਰ ਦੇਂਦਾ ਹੈ। ਇਸ 'ਸੁਚੇਤ ਮਨ' ਦੀ ਮਸਤੀ ਜਿਹੀ ਦਾ ਵੇਲਾ ਹੀ ਸਹੀ ਵੇਲਾ ਹੈ, ਜਦੋਂ 'ਅਚੇਤ ਮਨ' ਨੂੰ ਕੀਤੀ ਹੋਈ ਕੋਈ ਭਲੀ ਪ੍ਰੇਰਨਾ ਪ੍ਰਭਾਵ ਪਾ ਸਕਦੀ ਹੈ।

ਜੇ ਕਿਸੇ ਰੋਗ ਦਾ ਮੁੜ ਮੁੜ ਜ਼ਿਕਰ ਕਰੀਏ ਤਾਂ ਉਸ ਰੋਗ ਦਾ ਅਸਰ ਹੋ ਜਾਂਦਾ ਹੈ। ਦੁਕਾਨਦਾਰ ਦਾ ਮੁੜ ਮੁੜ ਕਹਿਣਾ ਕਿ ਮੇਰੀ ਚੀਜ਼ ਸਸਤੀ ਤੇ ਵਧੀਆ ਹੈ, ਗਾਹਕ ਨੂੰ ਪ੍ਰੇਰ ਲੈਂਦਾ ਹੈ। ਜੋ ਰਾਇ ਮੁੜ ਮੁੜ ਸੁਣਦੇ ਰਹੀਏ, ਉਹੀ ਰਾਇ ਸੁਣਨ ਵਾਲੇ ਦੀ ਭੀ ਬਣਦੀ ਜਾਂਦੀ ਹੈ।

ਸੋ ਸੁਰੀਲੇ ਮਿੱਠੇ 'ਰਾਗ' ਦੇ ਨਾਲ ਜੇ ਉੱਚੇ ਰੱਬੀ ਪਿਆਰ ਵਾਲੇ ਜਜ਼ਬੇ ਦੀ ਬਾਣੀ ਰਲਾਈ ਜਾਏ ਤਾਂ 'ਸੁਚੇਤ ਮਨ' ਦੀ ਮਸਤੀ ਵੇਲੇ 'ਅਚੇਤ ਮਨ' ਉਸ ਬਾਣੀ ਦੀ ਪ੍ਰੇਰਨਾ ਨੂੰ ਗ੍ਰਹਿਣ ਕਰ ਕੇ ਮਨੁੱਖ ਦੇ ਜੀਵਨ ਵਿਚ ਪਲਟਾ ਲਿਆਉਣ ਲਗ ਪੈਂਦਾ ਹੈ।

'ਰਾਗ' ਵਿਚ 'ਗੁਰਬਾਣੀ' ਨੂੰ ਰਲਾਉਣ ਦਾ ਨਾਂ ਹੀ ਹੈ 'ਕੀਰਤਨ'। ਸੋ, 'ਕੀਰਤਨ' ਵਧੇ ਮਨ, ਅਮੋੜ ਮਨ ਦੀਆਂ ਮਾਰਾਂ ਦਾ ਇਕ ਸਾਦਾ ਤੇ ਕਾਰੀ ਇਲਾਜ ਹੈ।

ਗੁਰ-ਇਤਿਹਾਸ ਨੂੰ ਰਤਾ ਗਹੁ ਨਾਲ ਵੇਖਿਆਂ ਇਹ ਸਾਫ ਦਿਸ ਪੈਂਦਾ ਹੈ ਕਿ ਸਤਿਗੁਰੂ ਜੀ ਦੀਆਂ ਨਜ਼ਰਾਂ ਵਿਚ 'ਕੀਰਤਨ' ਦੀ ਬੜੀ ਮਹਾਨਤਾ ਸੀ।

ਜਦੋਂ ਕਦੇ 'ਉਦਾਸੀਆਂ' (ਪ੍ਰਚਾਰ ਯਾਤਰਾਵਾਂ) ਸਮੇਂ ਸਫ਼ਰ ਤੇ ਪੈਂਡੇ ਦੇ ਕਸ਼ਟਾਂ ਤੋਂ ਤੰਗ ਆ ਕੇ ਭਾਈ ਮਰਦਾਨਾ ਜੀ ਘਰ ਮੁੜਨ ਦਾ ਇਰਾਦਾ ਕਰਦੇ ਸੀ ਤਾਂ ਗੁਰੂ ਨਾਨਕ ਸਾਹਿਬ ਕਿਹਾ ਕਰਦੇ ਸਨ: ਮਰਦਾਨਿਆ! ਅਸਾਨੂੰ ਤੇਰੀ ਲੋੜ ਹੈ।

ਭਾਈ ਸਤਾ ਅਤੇ ਬਲਵੰਡ ਜਦੋ ਰੁੱਸ ਗਏ ਸਨ ਤਾਂ ਸ੍ਰੀ ਗੁਰੂ ਅਰਜਨ ਸਾਹਿਬ ਆਪ ਉਹਨ੍ਹਾਂ ਨੂੰ ਮਨਾਣ ਗਏ

ਸਨ।

ਸ੍ਰੀ ਕਲਗੀਧਰ ਜੀ ਦੇ ਸਮੇਂ ਗੁਰਦੁਆਰੇ ਵਿਚ ਇਕ ਸਿਖ ਸਵੇਰੇ ਸੁਖਮਨੀ ਸਾਹਿਬ ਦਾ ਪਾਠ ਕਰ ਰਿਹਾ ਸੀ, ਤਾਂ ਰਾਗੀ ਸਿੰਘਾਂ ਨੇ ਆ ਕੇ 'ਕੀਰਤਨ' ਸ਼ੁਰੂ ਕਰ ਦਿੱਤਾ। ਸਿੱਖ ਨੇ ਹਜ਼ੂਰ ਪਾਸ ਸ਼ਿਕਾਇਤ ਕੀਤੀ ਤਾਂ ਬਚਨ ਹੋਇਆ ਕਿ ਕੀਰਤਨ 'ਵਰਖਾ' ਦਾ ਦਰਜਾ ਰੱਖਦਾ ਹੈ।

ਸਿੱਖ ਧਰਮ ਅਨੁਸਾਰ ਹੋਰ ਕੋਈ ਸਾਧਨ ਕੀਰਤਨ ਦੀ ਬਰਾਬਰੀ ਨਹੀਂ ਕਰ ਸਕਦਾ। ਸਾਹਿਬ ਫੁਰਮਾਉਂਦੇ ਹਨ:

ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ ॥
ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ ॥੧॥
ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ ॥
ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ ॥ ਰਹਾਉ ॥
ਮੋਨਿ ਭਇਓ ਕਰਪਾਤੀ ਰਹਿਓ ਨਗਨ ਫਿਰਿਓ ਬਨ ਮਾਹੀ ॥
ਤਟ ਤੀਰਥ ਸਭ ਧਰਤੀ ਭ੍ਰਮਿਓ ਦੁਬਿਧਾ ਛੁਟਕੈ ਨਾਹੀ ॥੨॥
ਮਨ ਕਾਮਨਾ ਤੀਰਥ ਜਾਇ ਬਸਿਓ ਸਿਰਿ ਕਰਵਤ ਧਰਾਏ ॥
ਮਨ ਕੀ ਮੈਲੁ ਨ ਉਤਰੈ ਇਹ ਬਿਧਿ ਜੇ ਲਖ ਜਤਨ ਕਰਾਏ ॥੩॥
ਕਨਿਕ ਕਾਮਿਨੀ ਹੈਵਰ ਗੈਵਰ ਬਹੁ ਬਿਧਿ ਦਾਨੁ ਦਾਤਾਰਾ ॥
ਅੰਨ ਬਸਤ੍ਰ ਭੂਮਿ ਬਹੁ ਅਰਪੇ ਨਹ ਮਿਲੀਐ ਹਰਿ ਦੁਆਰਾ ॥੪॥
ਪੂਜਾ ਅਰਚਾ ਬੰਦਨ ਡੰਡਉਤ ਖਟੁ ਕਰਮਾ ਰਤੁ ਰਹਤਾ ॥
ਹਉ ਹਉ ਕਰਤ ਬੰਧਨ ਮਹਿ ਪਰਿਆ ਨਹ ਮਿਲੀਐ ਇਹ ਜੁਗਤਾ ॥੫॥
ਜੋਗ ਸਿਧ ਆਸਣ ਚਉਰਾਸੀਹ ਏ ਭੀ ਕਰਿ ਕਰਿ ਰਹਿਆ ॥
ਵਡੀ ਆਰਜਾ ਫਿਰਿ ਫਿਰਿ ਜਨਮੈ ਹਰਿ ਸਿਉ ਸੰਗੁ ਨ ਗਹਿਆ ॥੬॥
ਰਾਜ ਲੀਲਾ ਰਾਜਨ ਕੀ ਰਚਨਾ ਕਰਿਆ ਹੁਕਮੁ ਅਫਾਰਾ ॥
ਸੇਜ ਸੋਹਨੀ ਚੰਦਨੁ ਚੋਆ ਨਰਕ ਘੋਰ ਕਾ ਦੁਆਰਾ ॥੭॥
ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥
ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ ॥੮॥
ਤੇਰੋ ਸੇਵਕੁ ਇਹ ਰੰਗਿ ਮਾਤਾ ॥
ਭਇਓ ਕ੍ਰਿਪਾਲੁ ਦੀਨ ਦੁਖ ਭੰਜਨੁ ਹਰਿ ਹਰਿ ਕੀਰਤਨਿ ਇਹੁ ਮਨੁ ਰਾਤਾ॥
ਰਹਾਉ ਦੂਜਾ ॥੧॥੩॥(ਸ੍ਰੀ ਗੁਰੂ ਗ੍ਰੰਥ ਸਾਹਿਬ, ੬੪੧)

ਪੁਸਤਕ 'ਬੁਰਾਈ ਦਾ ਟਾਕਰਾ' ਵਿੱਚੋਂ ਧੰਨਵਾਦ ਸਹਿਤ।

# ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਗੁਰਮਤਿ ਸੰਗੀਤ ਨੂੰ ਦੇਣ

**ਅਜੈਪਾਲ ਸਿੰਘ ਚਵਿੰਡਾ**

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਪੁੱਤਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਕੇਵਲ ਗਿਆਰਾਂ ਵਰ੍ਹੇ ਦੀ ਛੋਟੀ ਉਮਰ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਚਲਾਈ ਸਿੱਖ ਪਰੰਪਰਾ ਦੀ ਗੁਰਗੱਦੀ ਦੇ ਵਾਰਿਸ ਬਣੇ। ਸਮਕਾਲੀਨ ਰਾਜਨੀਤਿਕ, ਸਮਾਜਕ, ਪ੍ਰਸਥਿਤੀਆਂ ਦੇ ਤਬਦੀਲ ਹੋਣ ਕਾਰਨ ਗੁਰੂ ਜੀ ਨੇ ਬਾਣੀਨਾਲ ਜੁੜਨ ਦੇ ਨਾਲ-ਨਾਲ ਸਿੱਖਾਂ ਨੂੰ ਸ਼ਾਸਤਰ-ਬੱਧ ਵੀ ਕੀਤਾ। ਆਪ ਜੀ ਨੇ ਗੁਰੂ ਮਰਿਯਾਦਾ ਦਾ ਧਿਆਨ ਰੱਖਦੇ ਹੋਏ ਦੋ ਤਲਵਾਰਾਂ ਮੀਰੀ ਪੀਰੀ ਦੀਆਂ ਧਾਰਨ ਕੀਤੀਆਂ। ਮੀਰੀ ਦੀ ਤਲਵਾਰ ਜਿੱਥੇ ਰਾਜਨੀਤਿਕ ਸ਼ਕਤੀ ਦਾ ਚਿੰਨ੍ਹ ਸੀ ਉਥੇ ਪੀਰੀ ਦੀ ਤਲਵਾਰ ਅਧਿਆਤਮਕਤਾ ਦਾ ਚਿੰਨ੍ਹ ਸੀ। ਆਪ ਜੀ ਨੇ ਸਿੱਖ ਧਰਮ ਵਿਚ ਬੀਰਤਾ ਦਾ ਪ੍ਰਵੇਸ਼ ਕਰਵਾਇਆ। ਆਪ ਜੀ ਨੇ ਜ਼ੁਲਮ ਦੇ ਵਿਰੁੱਧ ਅਵਾਜ਼ ਹੀ ਨਹੀਂ ਉਠਾਈ ਸਗੋਂ ਜ਼ੁਲਮ ਦਾ ਟਾਕਰਾ ਵੀ ਕੀਤਾ। ਆਪ ਜੀ ਦੁਆਰਾ ਰਚਿਤ ਕੋਈ ਵੀ ਬਾਣੀ ਉਪਲੱਬਧ ਨਹੀਂ ਪ੍ਰੰਤੂ ਇਤਿਹਾਸ ਵਾਚਣ ਤੋਂ ਪਤਾ ਲੱਗਦਾ ਹੈ ਕਿ ਆਪ ਜੀ ਨੇ ਗੁਰਮਤਿ ਸੰਗੀਤ ਪਰੰਪਰਾ ਨੂੰ ਕਾਇਮ ਰੱਖਿਆ।

**ਵਿਦਿਆ–** ਸਮੇਂ ਦੇ ਰੰਗ-ਢੰਗ ਵੇਖ ਕੇ ਗੁਰੂ ਅਰਜਨ ਦੇਵ ਜੀ ਨੇ ਭਾਂਪ ਲਿਆ ਸੀ ਕਿ ਜ਼ੁਲਮ ਦਾ ਟਾਕਰਾ ਕਰਨ ਲਈ ਅਤੇ ਸੱਚਾ ਧਰਮ ਚਲਾਉਣ ਲਈ ਸ਼ਾਤਮਈ ਤਰੀਕੇ ਸਫਲ ਨਹੀਂ ਹੋਣ ਲੱਗੇ। ਉਹਨਾਂ ਬਾਬਾ ਬੁੱਢਾ ਜੀ ਨੂੰ ਆਖਿਆ ਕਿ ਹਰਿਗੋਬਿੰਦ ਜੀ ਨੂੰ ਸਰਬ-ਪੱਖੀ ਵਿਦਿਆ ਦੇਣ ਜਿਸ ਵਿਚ ਅੱਖਰੀ ਗਿਆਨ ਤੋਂ ਇਲਾਵਾ ਜੋਤਿਸ਼, ਹਿਕਮਤ, ਸ਼ਾਸਤਰ, ਰਾਜਨੀਤਿਕ ਅਤੇ ਖੇਤੀਬਾੜੀ ਵੀ ਸ਼ਾਮਿਲ ਹੋਵੇ। ਇਸਤੋਂ ਇਲਾਵਾ ਘੋੜ ਸਵਾਰੀ, ਤੀਰ ਅੰਦਾਜ਼ੀ, ਨੇਜ਼ਾਬਾਜ਼ੀ ਅਤੇ ਬੰਦੂਕ ਚਲਾਉਣਾ ਵੀ ਸਿਖਾਇਆ ਜਾਵੇ। ਗੁਰੂ ਅਰਜਨ ਦੇਵ ਜੀ ਦੇ ਹੁਕਮ ਅਨੁਸਾਰ ਯੁੱਧ ਵਿਦਿਆ, ਸ਼ਾਸਤਰ ਵਿਦਿਆ ਅਤੇ ਘੋੜ ਸਵਾਰੀ ਹਰਿਗੋਬਿੰਦ ਜੀ ਨੂੰ ਵੱਖ-ਵੱਖ ਮਾਹਿਰਾਂ ਵੱਲੋਂ ਸਿਖਾਈ ਗਈ।

ਗੁਰੂ ਜੀ ਬਹੁਤ ਸੁਡੌਲ ਅਤੇ ਬਲਵਾਨ ਸਨ। ਇਸਦੇ ਨਾਲ-ਨਾਲ ਪੂਰਨ ਸੰਤ ਅਤੇ ਬ੍ਰਹਮਗਿਆਨੀ ਵੀ ਸਨ।ਭਾਈ ਗੁਰਦਾਸ ਜੀ ਨੇ ਲਿਖਿਆ ਹੈ-

ਦਲ ਭੰਜਨ ਗੁਰ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ ॥

(ਵਾਰ 1/48)

ਭਾਈ ਨੱਥਾ ਤੇ ਅਬਦੁੱਲਾ ਵੱਲੋਂ ਲਿਖੀ ਅਤੇ ਗਾਈ ਜਾਂਦੀ ਵਾਰ ਇਸ ਪ੍ਰਕਾਰ ਹੈ-

ਦੋ ਤਲਵਾਰਾਂ ਬੱਧੀਆਂ ਇਕ ਮੀਰੀ ਦੀ ਇਕ ਪੀਰੀ ਦੀ।<br>
ਇਕ ਅਜ਼ਮਤ ਦੀ ਇਕ ਰਾਜ ਦੀ ਇਕ ਰਾਖੀ ਕਰੇ ਵਜ਼ੀਰ ਦੀ।<br>
ਹਿੰਮਤ ਬਾਹਾਂ ਕੋਟ ਗੜ੍ਹ  ਦਰਵਾਜ਼ਾ ਬਲਖ ਬਖੀਰ ਦੀ।<br>
ਨਾਲ ਸਿਪਾਹੀ ਨੀਲ ਨਲ ਮਾਰ ਦੁਸ਼ਟਾਂ ਕਰੇ ਤਗੀਰ ਜੀ।<br>
ਪੱਗ ਤੇਰੀ ਕੀ ਜਹਾਂਗੀਰ ਦੀ।

**ਅਕਾਲ ਤੱਖਤ ਦੀ ਸਥਾਪਨਾ–** ਸਿੱਖ ਕੌਮ ਦਾ ਮਹਾਨ ਅਸਥਾਨ ਸ੍ਰੀ ਅਕਾਲ ਤੱਖਤ ਸਾਹਿਬ ਜੀ ਦੀ ਸਥਾਪਨਾ ਸੰਨ

1609 ਈ. ਵਿਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਕੀਤੀ। ਅਕਾਲ ਤੱਖਤ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਸਾਹਮਣੇ ਅਤੇ ਥੋੜੀ ਵਿੱਥ ਉੱਤੇ ਬਣਾਇਆ ਗਿਆ ਹੈ। ਇਸਦਾ ਮਹਾਨ ਕਾਰਜ ਭਾਈ ਗੁਰਦਾਸ ਜੀ ਤੇ ਬਾਬਾ ਬੁੱਢਾ ਜੀ ਤੋਂ ਕਰਵਾਇਆ ਗਿਆ। ਗੁਰੂ ਜੀ ਅਕਾਲ ਤੱਖਤ ਤੇ ਬੈਠ ਕੇ ਜਿਥੇ ਧਰਮ ਪ੍ਰਚਾਰ ਦਾ ਕੰਮ ਕਰਦੇ ਉਥੇ ਗੁਰਮਤਿ ਸੰਗੀਤ ਦੇ ਯੋਗਦਾਨ ਲਈ ਢਾਡੀ ਵਾਰਾਂ ਗਵਾਇਆ ਕਰਦੇ ਸਨ।

**ਕੀਰਤਨ ਕੇਂਦਰ ਦੀ ਸਥਾਪਨਾ–** ਗੁਰਮਤਿ ਸੰਗੀਤ ਦੇ ਪ੍ਰਚਾਰ ਅਤੇ ਪਾਸਾਰ ਲਈ ਗੁਰੂ ਜੀ ਨੇ ਸ੍ਰੀ ਕੀਰਤਪੁਰ ਸਾਹਿਬ ਜੀ ਨੂੰ ਕੀਰਤਨ ਕੇਂਦਰ ਵੱਜੋਂ ਸਥਾਪਿਤ ਕੀਤਾ ਜਿਸਨੂੰ ਆਪ ਜੀ ਨੇ ਬਾਅਦ ਵਿਚ ਆਪਣਾ ਨਿਵਾਸ ਸਥਾਨ ਬਣਾਇਆ। ਇਥੇ ਸਵੇਰੇ ਸ਼ਾਮ ਗੁਰਬਾਣੀ ਦਾ ਗਾਇਨ ਕੀਤਾ ਜਾਂਦਾ ਸੀ। ਆਪ ਜੀ ਦੇ ਸਮੇਂ ਪਹਿਲੀ ਵਾਰਕੀਰਤਨ ਗਾਇਨ ਵਿਚ ਵਾਰ-ਗਾਇਨ ਦਾ ਪ੍ਰਵੇਸ਼ ਹੋਇਆ।

**ਢਾਡੀ ਪਰੰਪਰਾ ਦਾ ਆਰੰਭ**– ਗੁਰੂ ਜੀ ਨੇ ਗੁਰਮਤਿ ਸੰਗੀਤ ਦੇ ਪ੍ਰਚਾਰ ਅਤੇ ਪ੍ਰਸਾਰ ਹਿੱਤ ਢਾਡੀ ਪਰੰਪਰਾ ਦਾ ਆਰੰਭ ਕੀਤਾ। ਇਸ ਵਿਚ ਵਾਰ-ਗਾਇਨ ਦਾ ਉਦੇਸ਼ ਸਿੱਖਾਂ ਨੂੰ ਬੀਰਤਾ ਪ੍ਰਦਾਨ ਕਰਨਾ ਸੀ। ਸ੍ਰੀ ਅਕਾਲ ਤੱਖਤ ਸਾਹਿਬ ਜੀ ਤੋਂ ਵਾਰਾਂ ਦਾ ਗਿਾਇਨ ਕੀਤਾ ਜਾਂਦਾ ਸੀ। ਇਹਨਾਂ ਦੇ ਦਰਬਾਰ ਵਿਚ ਭਾਈ ਨੱਥਾ ਅਬਦੁੱਲਾ,ਭਾਈ ਬਾਬਕ, ਭਾਈ ਸ਼ਬੀਲਾ, ਭਾਈ ਬਨਵਾਲੀ ਅਤੇ ਉਹਨਾਂ ਦੇ ਸਾਥੀ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਗਾਇਨ ਕਰਦੇ ਅਤੇ ਸ਼ਾਮ ਸਮੇਂ ਭਾਈ ਸ਼ਬੀਲਾ ਅਤੇ ਭਾਈ ਅਬਦੱਲਾ ਜੀ ਯੋਧਿਆਂ ਦੀਆਂ ਵਾਰਾਂ ਦਾ ਗਾਇਨ ਕਰਦੇ ਸਨ। ਜਿਵੇਂ–

ਨੱਥ ਢੱਡ ਬਜਾਇਆ ਅਬਦੁੱਲਾ ਹੱਥ ਰਬਾਬ
ਅਬਦੁੱਲਾ ਢਾਡੀ ਜਸ ਸੁਣਾਇ।

ਉਪਰੋਕਤ ਵਰਨਣ ਤੋਂ ਸਪੱਸ਼ਟ ਹੈ ਕਿ ਗੁਰੂਜੀ ਨੇ ਗੁਰਮਤਿ ਸੰਗੀਤ ਪ੍ਰਤੀ ਆਪਣਾ ਮਹਾਨ ਅਤੇ ਵਡਮੁੱਲਾ ਯੋਗਦਾਨ ਪਾਇਆ। ਉਨ੍ਹਾਂ ਨੇ ਕੀਰਤਨ ਕੇਂਦਰ, ਧਰਮ ਪ੍ਰਚਾਰ ਅਤੇ ਗੁਰਮਤਿ ਸੰਗੀਤ ਦੇ ਪ੍ਰਚਾਰ ਤੇ ਪਾਸਾਰ ਲਈ ਵੱਖ-ਵੱਖ ਗੁਰਦੁਆਰਿਆਂ ਵਿਚ ਵਾਰ-ਗਾਇਨ ਪਰੰਪਰਾ ਦਾ ਆਰੰਭ ਕੀਤਾ। ਫਲਸਰੂਪ ਗੁਰਮਤਿ ਸੰਗੀਤ ਇਕ ਪ੍ਰਫੁੱਲਤ ਸੰਗੀਤ ਪਰੰਪਰਾ ਦੇ ਰੂਪ ਵਜੋਂ ਵਿਦਮਾਨ ਹੈ। ਇਹ ਹੀ ਨਹੀਂ ਗੁਰਮਤਿ ਸੰਗੀਤ ਪਰੰਪਰਾ ਨੂੰ ਪ੍ਰਮਾਣਿਕ ਅਤੇ ਸਥਾਪਿਤ ਰੂਪ ਪ੍ਰਦਾਨ ਕਰਨ ਲਈ ਗੁਰੂ ਸਾਹਿਬਾਨ ਨੇ ਰੋਜ਼ਾਨਾ ਬਾਣੀ ਦੇ ਗਾਇਨ ਨਾਲ ਇਸਨੂੰ ਜੀਵਨ ਦਾ ਅਨਿੱਖੜ ਅੰਗ ਬਣਾਇਆ। ਗੁਰਮਤਿ ਸੰਗੀਤ ਦੇ ਉਪਰੋਕਤ ਵਿਕਾਸ ਤੋਂ ਇਸਦੀ ਵਿਲੱਖਣਤਾ ਤਾਂ ਉਜਾਗਰ ਹੁੰਦੀ ਹੈ, ਨਾਲ ਹੀ ਵਾਰ-ਗਾਇਨ ਪਰੰਪਰਾ ਦਾ ਆਰੰਭਕਰਨ ਵਿਚ ਗੁਰੂ ਜੀ ਦਾ ਵੱਡਾ ਯੋਗਦਾਨ ਹੈ।

ਸਹਾਇਕ ਪ੍ਰੋ. ਸੰਗੀਤ
ਬਾਬਾ ਅਜੈ ਸਿੰਘ ਖਾਲਸਾ ਕਾਲਜ
ਗੁਰਦਾਸ ਨੰਗਲ, ਗੁਰਦਾਸਪੁਰ
ਫੋਨ-9464265464

# ਬਹੁਪਖੀ ਸ਼ਖਸੀਅਤ ਡਾ. ਜਸਵੰਤ ਸਿੰਘ 'ਨੇਕੀ'

ਹਰਵਿੰਦਰ ਸਿੰਘ 'ਖਾਲਸਾ' ਬਠਿੰਡਾ

ਡਾ. ਜਸਵੰਤ ਸਿੰਘ ਨੇਕੀ ਵਿਚ ਅਕਾਲ ਪੁਰਖ ਦੀ ਕਿਰਪਾ ਸਦਕਾ ਅਨੇਕ ਗੁਣ ਸਨ। ਉਹ ਇਕੋ ਨਾਲ ਨਾਮਵਰ ਡਾਕਟਰ, ਉਘੇ ਲੇਖਕ, ਉਚ ਪਾਏ ਦੇ ਕਵੀ, ਸਿਖ ਪੰਥ ਦੀ ਇਕ ਮਾਇਆ ਨਾਜ਼ ਹਸਤੀ ਅਤੇ ਸਭ ਦੇ ਹਰਮਨ ਪਿਆਰੇ ਸਨ। ਡਾ. ਜਸਵੰਤ ਸਿੰਘ ਦਾ ਜਨਮ 27 ਅਗਸਤ 1925 ਈ. ਨੂੰ ਮਾਤਾ ਸੀਤਾ ਦੇਵੀ ਤੇ ਪਿਤਾ ਸ. ਹਰੀ ਗੁਲਾਬ ਸਿੰਘ ਜੀ ਦੇ ਗ੍ਰਹਿ, ਪਿੰਡ ਮੁਰੀਦ ਜ਼ਿਲਾ ਜਿਹਲਮ ਵਿਖੇ ਹੋਇਆ। ਮੁਢਲੀ ਡਾਕਟਰੀ ਵਿਦਿਆ ਲੈਣ ਉਪਰੰਤ ਉਨ੍ਹਾਂ ਨੇ ਮਨੋ-ਵਿਗਿਆਨ ਵਿਚ ਐਮ.ਏ. ਤੇ ਫਿਰ ਮਨੋਚਿਕਿਤਸਾ (psychiatry) ਦੀ ਵਿਸ਼ੇਸ਼ ਤੌਰ ਤੇ ਮੁਹਾਰਤ ਹਾਸਿਲ ਕਰਕੇ ਆਪਣੇ ਕਿੱਤੇ ਵਿਚ ਕੌਮਾਂਤਰੀ ਪਧਰ ਤੇ ਨਾਮਣਾ ਖਟਿਆ।

ਡਾ. ਜਸਵੰਤ ਸਿੰਘ ਨੇਕੀ ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਦੇ ਮੋਢੀਆਂ ਵਿਚੋਂ ਸਨ। ਡਾ. ਨੇਕੀ ਆਪਣੀ ਸਾਹਿਤਕ ਸ੍ਵੈਜੀਵਨੀ ਵਿਚ ਲਿਖਦੇ ਹਨ ਕਿ "ਲਾਅ ਕਾਲਜ ਵਿਚ ਮਨਾਏ ਜਾ ਰਹੇ ਇਕ ਗੁਰਪੁਰਬ ਤੇ ਇਵੇਂ ਹੀ ਮੈਂ ਗਿਆ ਹੋਇਆਂ ਸਾਂ। ਉਥੇ ਅਮਰ ਸਿੰਘ ਅੰਬਾਲਵੀ ਫਿਰ ਮਿਲ ਗਏ। ਉਨ੍ਹਾਂ ਮੈਨੂੰ ਆਲ ਇੰਡੀਆ ਸਿਖ ਸਟੂਡੈਂਟਸ ਦੇ ਪ੍ਰਧਾਨ ਸ. ਸਰੂਪ ਸਿੰਘ ਨਾਲ ਮਿਲਵਾਇਆ। ਸ. ਸਰੂਪ ਸਿੰਘ ਤੀਖਣ ਬੁਧੀ ਵਾਲੇ, ਹਸਮੁਖ ਤੇ ਮਿਲਣਸਾਰ ਮਨੁਖ ਸਨ। ਉਹ ਚੁਸਤ ਦਲੀਲਬਾਜ਼ ਤੇ ਚਤੁਰ ਵਕੀਲ ਸਨ। ਉਨ੍ਹਾਂ ਮੈਨੂੰ ਫੈਡਰੇਸ਼ਨ ਦੀ ਅੰਤ੍ਰਿੰਗ ਕਮੇਟੀ ਦਾ ਮੈਂਬਰ ਬਣਨ ਲਈ ਪ੍ਰੇਰਿਆ। ਮੈਨੂੰ ਉਦੋਂ ਸਿਆਸਤ ਦਾ ਨਾ ਕੋਈ ਸ਼ੌਕ ਸੀ ਨਾ ਕੋਈ ਰੁਝਾਨ ਹੀ ਸੀ। ਪਰ ਉਨ੍ਹਾਂ ਜਿਸ ਮਕਸਦ ਲਈ ਪ੍ਰੇਰਿਆ, ਉਹ ਸੀ, ਸਿਖ ਵਿਦਿਆਰਥੀਆਂ ਨੂੰ ਜਥੇਬੰਦਕ ਕਰਕੇ ਉਨ੍ਹਾਂ ਵਿਚ ਸਿਖੀ ਦੀ ਜਾਗ ਲਾਉਣੀ।' ਇਸ ਮਨੋਰਥ ਲਈ ਕੀਤੇ ਜਾ ਰਹੇ ਉਦਮ ਵਿਚ ਹਿਸਾ ਪਾਉਣਾ ਮੈਨੂੰ ਵਾਜਬ ਗਲ ਲਗੀ। ਸੋ ਮੈਂ ਉਨ੍ਹਾਂ ਦੀ ਪੇਸ਼ਕਸ਼ ਮਨਜ਼ੂਰ ਕਰ ਲਈ।

ਉਨ੍ਹਾਂ ਦਿਨਾਂ ਫੈਡਰੇਸ਼ਨ ਦੀ ਕਾਰਜਕਾਰੀ ਕਮੇਟੀ ਦੀਆਂ ਮੀਟਿੰਗਾਂ ਆਮ ਤੌਰ ਤੇ 'ਅਜੀਤ' ਅਖਬਾਰ ਦੇ ਦਫ਼ਤਰ ਹੋਇਆ ਕਰਦੀਆਂ ਸਨ। ਉਨ੍ਹਾਂ ਮੀਟਿੰਗਾਂ ਦੌਰਾਨ ਡਾ. ਜਸਵੰਤ ਸਿੰਘ ਨੇਕੀ ਦੀ ਸ. ਸਾਧੂ ਸਿੰਘ 'ਹਮਦਰਦ' ਤੇ ਗਿ. ਸ਼ਾਦੀ ਸਿੰਘ ਨਾਲ ਚੰਗੀ ਤਰਾਂ ਜਾਣ ਪਛਾਣ ਹੋ ਗਈ। ਡਾ. ਨੇਕੀ ਜੀ ਅਨੁਸਾਰ ਇਹ ਦੋਵੇਂ ਹੰਡੇ ਹੋਏ ਪਤਰਕਾਰ ਸਨ। ਅਕਾਲੀ ਸਿਅਸਤ ਨੂੰ ਚੰਗੀ ਤਰਾਂ ਸਮਝਦੇ ਸਨ। ਸਿਖ ਸਟੂਡੈਂਟ ਫੈਡਰੇਸ਼ਨ ਦੇ ਹਿਤੈਸ਼ੀ ਸਨ। ਮੇਰੇ ਨਾਲ ਉਨ੍ਹਾਂ ਦੀ ਚੰਗੀ ਬੇਤਕਲੁਫੀ ਹੋ ਗਈ।

ਸ. ਸਰੂਪ ਸਿੰਘ 13 ਸਤੰਬਰ 1944 ਤੋਂ 20 ਨਵੰਬਰ 1948 ਈ. ਤਕ ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਰਹੇ। ਇਸ ਦੌਰਾਨ ਫੈਡਰੇਸ਼ਨ ਵਲੋਂ ਜੋ ਵੀ ਕਾਨਫਰੰਸਾਂ ਹੋਈਆਂ, ਡਾ. ਜਸਵੰਤ ਸਿੰਘ ਨੇਕੀ ਨੇ ਉਨ੍ਹਾਂ ਕਾਨਫਰੰਸਾਂ ਵਿਚ ਅਗੇ ਵਧ ਚੜ੍ਹ ਕੇ ਹਿਸਾ ਲਿਆ। ਡਾ.

ਨੇਕੀ ਇਕ ਤਕੜੇ ਬੁਲਾਰੇ ਵੀ ਸਨ। ਦੇਸ਼ ਅਜ਼ਾਦ ਹੋਇਆ ਆਪ ਜੀ ਪਰਿਵਾਰ ਨਾਲੋਂ ਵਿਛੜ ਗਏ ਅਤੇ ਰਿਫਿਊਜੀ ਕੈਂਪਾਂ ਵਿਚ ਸੇਵਾ ਕਰਦੇ ਰਹੇ। ਅਖੀਰ ਲੰਬੇ ਸਮੇਂ ਬਾਅਦ ਪਰਿਵਾਰ ਦਾ ਮਿਲਾਪ ਹੋਇਆ। ਦੇਸ਼ ਦੀ ਅਜ਼ਾਦੀ ਤੋਂ ਬਾਅਦ ਫੈਡਰੇਸ਼ਨ ਦੀ ਪ੍ਰਧਾਨਗੀ ਲਈ ਸਲਾਨਾ ਇਜਲਾਸ 20 ਨਵੰਬਰ 1948 ਈ. ਨੂੰ ਅੰਮ੍ਰਿਤਸਰ ਵਿਖੇ ਹੋਇਆ। ਮੀਟਿੰਗਾਂ ਤੋਂ ਪਹਿਲਾਂ ਸਾਰੇ ਡੈਲੀਗੇਟਸ ਨੇ ਸ਼ਬਦ ਚੌਂਕੀ ਰਾਹੀਂ ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾਂ ਕੀਤੀ। ਫਿਰ ਇਕਤਰਤਾ ਵਾਲੀ ਥਾਂ ਗੁਰੂ ਮਹਾਰਾਜ ਜੀ ਦੇ ਚਰਨਾਂ ਵਿਚ ਅਰਦਾਸ ਕੀਤੀ। ਮਤੇ ਪਾਸ ਕੀਤੇ ਗਏ। ਪ੍ਰਧਾਨਗੀ ਦੀ ਚੌਣ ਸ਼ੁਰੂ ਹੋਈ ਅਤੇ ਡਾ. ਜਸਵੰਤ ਸਿੰਘ ਨੇਕੀ ਨੂੰ ਆਲ ਇੰਡੀਆ ਸਿਖ ਸਟੂਡੈਂਟਰ ਫੈਡਰੇਸ਼ਨ ਦਾ ਪ੍ਰਧਾਨ ਚੁਣਿਆ ਗਿਆ। ਡਾ. ਨੇਕੀ ਜੀ ਨੇ ਪੂਰੀ ਤਨਦੇਹੀ ਨਾਲ ਫੈਡਰੇਸ਼ਨ ਦੀਆਂ ਯੂਨਿਟਾਂ ਤਿਆਰ ਕਰਨੀਆਂ ਸ਼ੁਰੂ ਕਰ ਦਿਤੀਆਂ। ਪਰ ਉਨ੍ਹਾਂ ਦੇ ਮਨ ਅੰਦਰ ਪਹਿਲਾ ਕੰਮ ਸਿਖ ਵਿਦਿਆਰਥੀਆਂ ਵਿਚ ਧਾਰਮਿਕ ਰੁਚੀ ਤੇ ਧਾਰਮਿਕ ਪ੍ਰੇਰਨਾ ਜਗਾਉਣਾ ਸੀ।

ਡਾ. ਜਸਵੰਤ ਸਿੰਘ ਨੇਕੀ ਨੇ ਫੈਡਰੇਸ਼ਨ ਦਾ ਪਹਿਲਾ ਗੁਰਮਤਿ ਟ੍ਰੇਨਿੰਗ ਕੈਂਪ ਅਕੂਤਬਰ 1949 ਈ. ਨੂੰ ਪਾਉਂਟਾ ਸਾਹਿਬ ਦੀ ਪਵਿਤਰ ਧਰਤੀ ਤੇ ਲਾਇਆ। ਇਸ ਕੈਂਪ ਦੇ ਪ੍ਰਿੰਸੀਪਲ ਸ. ਸਰੂਪ ਸਿੰਘ ਜੀ ਅਤੇ ਕੈਂਪ ਕਮਾਂਡੈਂਟ ਡਾ. ਨੇਕੀ ਸਨ। ਇਸ ਕੈਂਪ ਵਿਚ ਸ. ਸਰੂਪ ਸਿੰਘ, ਸ. ਅਮਰ ਸਿੰਘ ਅੰਬਾਲਵੀ, ਡਾ. ਸੰਤੋਖ ਸਿੰਘ ਭੋਪਾਲ, ਸ. ਉਮਰਾਓ ਸਿੰਘ ਜਲੰਧਰ, ਸ. ਭਾਨ ਸਿੰਘ, ਭਾਈ ਹਰਬੰਸ ਲਾਲ, ਸ. ਗੁਰਮੀਤ ਸਿੰਘ ਮੁਕਤਸਰ, ਸ. ਪ੍ਰੇਮ ਸਿੰਘ ਲਾਲਪੁਰਾ, ਸ. ਜਗਦੇਵ ਸਿੰਘ ਐਡਵੋਕੇਟ, ਸ. ਜਸਦੇਵ ਸਿੰਘ ਸੰਧੂ ਪਟਿਆਲਾ, ਪ੍ਰਿੰ. ਸਤਿਬੀਰ ਸਿੰਘ, ਪ੍ਰਿੰ. ਪ੍ਰਕਾਸ਼ ਸਿੰਘ (ਭਰਾ ਡਾ. ਨੇਕੀ ਜੀ), ਪ੍ਰਿੰ. ਗੁਰਬਖ਼ਸ਼ ਸਿੰਘ ਸ਼ੇਰਗਿਲ, ਭਾਈ ਸਾਹਿਬ ਭਾਈ ਹਰਭਜਨ ਸਿੰਘ ਜੀ ਯੋਗੀ ਅਮਰੀਕਾ ਵਾਲਿਆਂ ਨੇ ਗੁਰਮਤਿ ਦੀ ਸੋਝੀ ਹਾਸਿਲ ਕੀਤੀ। ਇਸ ਕੈਂਪ ਵਿਚ ਭਾਈ ਸਮੁੰਦ ਸਿੰਘ ਜੀ ਦਾ ਰਾਗੀ ਜਥਾ ਵਿਦਿਆਰਥੀਆਂ ਨੂੰ ਕੀਰਤਨ ਰਾਹੀਂ ਨਿਹਾਲ ਕਰਦਾ ਰਿਹਾ। ਪ੍ਰਿੰ. ਸਤਿਬੀਰ ਸਿੰਘ ਇਸ ਕੈਂਪ ਦੇ ਸਭ ਤੋਂ ਵਧੀਆ ਟ੍ਰੇਨੀ ਚੁਣੇ ਗਏ।

ਇਸ ਕੈਂਪ ਦੀ ਚਰਚਾ ਸਭ ਪਾਸੇ ਹੋਈ ਅਤੇ ਇਸ ਤੋਂ ਟ੍ਰੇਨਿੰਗ ਕੈਂਪ ਲਗਾਉਣ ਦੀ ਇਕ ਰਿਵਾਇਤ ਹੀ ਤੁਰ ਪਈ। ਇਸ ਕੈਂਪ ਤੋਂ ਬਾਅਦ ਹੀ ਫੈਡਰੇਸ਼ਨ ਦੀਆਂ ਯੂਨਿਟਾਂ ਥਾਂ ਥਾਂ ਬਣਨ ਲਗੀਆਂ ਅਤੇ ਸਿਖ ਨੌਜਵਾਨ ਵਿਦਿਆਰਥੀਆਂ ਵਿਚ ਸਿਖੀ ਪ੍ਰਚਾਰ ਦੀ ਲਹਿਰ ਚਲ ਪਈ। ਡਾ. ਨੇਕੀ 28 ਜਨਵਰੀ 1950 ਤਕ ਫੈਡਰੇਸ਼ਨ ਦੇ ਪ੍ਰਧਾਨ ਰਹੇ ਅਤੇ ਡਾ. ਨੇਕੀ ਜੀ ਤੋਂ ਬਾਅਦ ਸ. ਅਮਰ ਸਿੰਘ ਅੰਬਾਲਵੀ ਫੈਡਰੇਸ਼ਨ ਦੇ ਪ੍ਰਧਾਨ ਬਣੇ।

ਡਾ. ਜਸਵੰਤ ਸਿੰਘ ਨੇਕੀ ਸੰਸਾਰ ਪ੍ਰਸਿਧ ਮਨੋਚਿਕਿਤਸਕ, ਨਿਪੁੰਨ ਪ੍ਰਬੰਧਕ, ਸੁਘੜ-ਸਿਖਿਆ ਸ਼ਾਸਤਰੀ, ਸੂਝਵਾਨ-ਧਰਮ ਚਿੰਤਕ, ਸੁਹਿਰਦ ਕਵੀ ਅਤੇ ਖਿਚ ਸ਼ਕਤੀ ਰਖਣ ਵਾਲੇ ਬੁਲਾਰੇ ਸਨ। ਆਪ ਜੀ ਦੀ ਸ਼ਖਸੀਅਤ ਅਨੁਭਵ ਅਤੇ ਗਿਆਨ ਦਾ ਵਿਚਿਤਰ ਸੁਮੇਲ ਸੀ, ਜਿਸ ਵਿਚ ਰੂਹ ਉਡਾਰੀ ਮਾਰਦੀ ਸੀ ਪਰ ਗਿਆਨ ਨੂੰ ਨਾਲ ਰਖ ਕੇ। ਡਾ. ਨੇਕੀ ਸਿਖ ਧਰਮ ਦੀ ਵਿਆਖਿਆ ਕਰਨ ਵਾਲੇ ਸਥਾਪਿਤ ਵਿਦਵਾਨਾਂ ਵਿਚੋਂ ਮੋਹਰੀ ਸਨ।

ਡਾ. ਨੇਕੀ ਜੀ ਨੇ ਇਕ ਕਵੀ ਤੇ ਤੌਰ ਤੇ ਵੀ ਵਖਰੀ ਪਹਿਚਾਣ ਬਣਾਈ। ਪੰਜਾਬੀ ਕਾਵਿ-ਖੇਤਰ ਵਿਚ 'ਕਰੁਣਾਂ ਦੀ ਛੋਹ ਤੋਂ ਮਗਰੋਂ' ਅਤੇ 'ਸਿਮਰਿਤੀ ਦੇ ਕਿਰਨ ਤੋਂ ਪਹਿਲਾਂ' ਵਰਗੀਆਂ ਲਮੇਰੀਆਂ ਕਵੀਤਾਵਾਂ ਲਿਖ ਕੇ ਅਨੁਭਵ ਦੀਆਂ ਸੂਖਤਮ ਪਰਤਾਂ ਨੂੰ ਉਘਾੜਨ ਦਾ ਉਦਮ ਕੀਤਾ। ਆਪ ਜੀ ਵਲੋਂ ਲਿਖੀ 'ਅਰਦਾਸ' ਨਾਮਕ ਪੁਸਤਕ ਸਿਖ ਵਿਦਵਾਨਾਂ ਤੇ ਪ੍ਰਚਾਰਕਾਂ ਵਲੋਂ ਰੈਫਰੈਂਸ ਬੁਕ ਵਜੋਂ ਵਰਤੀ ਜਾਂਦੀ ਹੈ। ਆਪ ਜੀ ਨੇ ਲਗਭਗ ਢਾਈ ਦਰਜਨ ਤੋਂ ਵਧ ਪੁਸਤਕਾਂ ਲਿਖੀਆਂ ਜਿੰਨਾਂ ਵਿਚ ਅਰਦਾਸ, ਦਰਸ਼ਨ, ਰੂਪ ਅਭਿਆਸ, ਵਿਸ਼ਵ ਅਰਦਾਸ, ਸਦਾ ਵਿਗਾਸ, ਗੁਰਮਤਿ ਮਨੋਵਿਗਿਆਨ, ਅਸਲੇ ਤੋਂ ਓਹਲੇ, ਅਚੇਤ ਦੀ ਲੀਲਾ ਸਭ ਤੋਂ ਵਧ ਪਾਠਕਾਂ ਨੇ ਪਸੰਦ ਕੀਤੀਆਂ। 'ਅਸਲੇ ਤੋਂ ਓਹਲੇ' ਉਨ੍ਹਾਂ ਦੀ ਨਿਵੇਕਲੀ ਕ੍ਰਿਤ ਹੈ। "ਕੋਈ ਨਾਉ ਨਾ ਜਾਣੇ ਮੇਰਾ" ਆਪ ਜੀ ਦੀ ਕਾਵਿ ਸ੍ਵੈ ਜੀਵਨੀ ਹੈ।

ਡਾ. ਨੇਕੀ ਜੀ ਨੇ ਕਈ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਸੰਸਥਾਵਾਂ ਦੀ ਜਿੰਮੇਵਾਰੀ ਵੀ ਸੰਭਾਲੀ। ਆਪ ਭਾਰਤ ਸਰਕਾਰ ਵਲੋਂ 'ਸੰਸਾਰ ਸਿਹਤ ਭਲਾਈ ਸੰਸਥਾ' ਵਿਚ ਸਿਹਤ ਸਲਾਹਕਾਰ ਸਨ। ਆਪ ਜੀ ਨੇ ਧਰਮ ਸੰਬੰਧੀ ਅੰਤਰ-ਰਾਸ਼ਟਰੀ ਕਾਨਫਰੰਸਾਂ ਵਿਚ ਕਈ ਵਾਰ ਸਿਖ ਧਰਮ ਦੀ ਨੁਮਇੰਦਗੀ ਵੀ ਕੀਤੀ। ਆਪ ਵਾਹਿਗੁਰੂ ਵਿਚ ਪੂਰਾ ਭਰੋਸਾ ਰਖਦੇ ਸਨ ਅਤੇ ਉਸੇ ਦੇ ਹੁਕਮ ਨੂੰ ਮੰਨਦੇ ਹੋਏ 11 ਸਤੰਬਰ 2015 ਈ. ਨੂੰ 90 ਸਾਲ ਦੀ ਆਯੂ ਭੋਗ ਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ। ਉਨ੍ਹਾਂ ਨੂੰ ਪੂਰੀ ਸਿਖ ਕੌਮ ਸ਼ਰਧਾ ਦੇ ਫੁਲ ਭੇਟ ਕਰਦਿਆਂ ਪ੍ਰਣਾਮ ਕਰਦੀ ਹੈ।

ਐਮ.ਪੀ.ਕੇਂਦਰੀ ਸ੍ਰੀ ਗੁਰੂ ਸਿੰਘ ਸਭਾ-ਨਿਊਜ਼
ਲੈਟਰ ਵਿਚੋਂ ਧੰਨਵਾਦ ਸਹਿਤ

# ਅਦੁਤੀ ਸ਼ਖਸੀਅਤ ਦੇ ਮਾਲਕ ਪ੍ਰਿੰਸੀਪਲ ਸਤਿਬੀਰ ਸਿੰਘ ਜੀ

**ਹਰਵਿੰਦਰ ਸਿੰਘ 'ਖਾਲਸਾ' ਬਠਿੰਡਾ**

ਸਹਿਨਸ਼ੀਲ, ਮਿਠ ਬੋਲੜੇ ਸੁਭਾਅ ਦੇ ਮਾਲਕ, ਸਭ ਨੂੰ ਪਿਆਰ ਦੇ ਕਲਾਵੇ ਵਿਚ ਸਮੇਟ ਲੈਣ ਵਾਲੇ ਪ੍ਰਿੰਸੀਪਲ ਸਤਿਬੀਰ ਸਿੰਘ ਜੀ ਦਾ ਜਨਮ 11 ਮਾਰਚ 1932 ਈ. ਨੂੰ ਪਿਤਾ ਭਾਈ ਹਰਨਾਮ ਸਿੰਘ ਜੀ, ਮਾਤਾ ਰਣਜੀਤ ਕੌਰ ਜੀ ਦੇ ਗ੍ਰਹਿ ਜਿਹਲਮ (ਪਾਕਿਸਤਾਨ) ਵਿਖੇ ਹੋਇਆ। ਪ੍ਰਿੰਸੀਪਲ ਸਤਿਬੀਰ ਸਿੰਘ ਨੇ ਮੁਢਲੀ ਵਿਦਿਆ ਜਿਹਲਮ ਦੇ ਖਾਲਸਾ ਸਕੂਲ ਤੋਂ ਪ੍ਰਾਪਤ ਕੀਤੀ ਅਤੇ ਉਚ ਵਿਦਿਆ ਉਨ੍ਹਾਂ ਨੇ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਪ੍ਰਾਪਤ ਕੀਤੀ। ਪ੍ਰਿੰਸੀਪਲ ਜੋਧ ਸਿੰਘ, ਪ੍ਰਿੰਸੀਪਲ ਤੇਜਾ ਸਿੰਘ, ਪ੍ਰਿੰਸੀਪਲ ਬਾਵਾ ਹਰਕਿਸ਼ਨ ਸਿੰਘ, ਪ੍ਰੋਫੈਸਰ ਸਾਹਿਬ ਸਿੰਘ ਵਰਗੀਆਂ ਮਹਾਨ ਪੰਥਕ ਤੇ ਵਿਦਵਾਨ ਸ਼ਖਸੀਅਤਾਂ ਦੀ ਸੰਗਤ ਰੰਗਤ ਦਾ ਫਲ ਸੀ ਕਿ ਪ੍ਰਿੰਸੀਪਲ ਸਤਿਬੀਰ ਸਿੰਘ ਵੀ ਉਸੇ ਰੰਗ ਵਿਚ ਰੰਗੇ ਗਏ। ਉਚ ਵਿਦਿਆ ਪ੍ਰਾਪਤ ਕਰਕੇ ਅਜੇ ਪੰਥਕ ਮਾਰਗ ਉਤੇ ਟੁਰਨ ਹੀ ਲਗੇ ਸਨ ਕਿ ਸਰਦਾਰ ਸਰੂਪ ਸਿੰਘ ਜੀ ਦੀ ਅਗਵਾਈ ਵਿਚ ਸਿਰਜੀ ਸੰਸਥਾ ਸਿਖ ਸਟੂਡੈਂਟਸ ਫੈਡਰੇਸ਼ਨ ਦਾ ਪਹਿਲਾ ਗੁਰਮਤਿ ਟ੍ਰੇਨਿੰਗ ਕੈਂਪ ਅਕਤੂਬਰ 1949 ਈ. ਨੂੰ ਪਾਉਂਟਾ ਸਾਹਿਬ ਦੀ ਪਵਿਤਰ ਧਰਤੀ ਤੇ ਡਾ. ਜਸਵੰਤ ਸਿੰਘ ਨੇਕੀ ਦੀ ਪ੍ਰਧਾਨਗੀ ਸਮੇਂ ਲਗਾਇਆ ਗਿਆ। ਪ੍ਰਿੰਸੀਪਲ ਸਤਿਬੀਰ ਸਿੰਘ ਨੇ ਉਸ ਕੈਂਪ ਵਿਚ ਭਾਗ ਲਿਆ ਅਤੇ ਬੈਸਟ ਟ੍ਰੇਨੀ ਵਜੋਂ ਚੁਣੇ ਗਏ। ਉਸ ਕੈਂਪ ਵਿਚ ਪ੍ਰਿੰਸੀਪਲ ਸਤਿਬੀਰ ਸਿੰਘ ਸਭ ਤੋਂ ਛੋਟੀ ਉਮਰ ਦੇ ਵਿਦਿਆਰਥੀ ਸਨ। ਪ੍ਰਿੰਸੀਪਲ ਸਤਿਬੀਰ ਸਿੰਘ 13 ਜਨਵਰੀ 1954 ਤੋਂ 31 ਨਵੰਬਰ 1954 ਤਕ ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਬਣੇ। ਸ਼੍ਰੋਮਣੀ ਅਕਾਲੀ ਦਲ ਪੰਜਾਬੀ ਸੂਬਾ ਜ਼ਿੰਦਾਬਾਦ ਮੋਰਚਾ 10 ਮਈ 1955 ਈ. ਨੂੰ ਸ਼ੁਰੂ ਹੋਇਆ। ਉਸ ਸਮੇਂ ਪੰਜਾਬ ਦੇ ਮੁਖ ਮੰਤਰੀ ਸ੍ਰੀ ਭੀਮ ਸੈਨ ਸਚਰ ਸਨ। ਪੰਜਾਬ ਪੁਲਿਸ ਨੇ 4 ਜੁਲਾਈ 1955 ਈ. ਨੂੰ ਸ੍ਰੀ ਦਰਬਾਰ ਸਾਹਿਬ ਤੇ ਹਮਲਾ ਕਰਕੇ ਗੋਲੀ ਚਲਾਈ ਅਤੇ ਸਰੋਵਰ ਦੀ ਪਰਿਕਰਮਾਂ ਵਿਚ ਅਥਰੂ ਗੈਂਸ ਦੇ ਗੋਲੇ ਸੁਟੇ ਤਾਂ ਜੋ ਮੋਰਚੇ ਨੂੰ ਫੇਲ ਕੀਤਾ ਜਾ ਸਕੇ। ਪੁਲਿਸ ਨੇ ਸਿਖ ਨੇਤਾਵਾਂ ਨੂੰ ਅਤੇ ਪ੍ਰਿੰਸੀਪਲ ਸਤਿਬੀਰ ਸਿੰਘ ਨੂੰ ਦਰਬਾਰ ਸਾਹਿਬ ਤੋਂ ਗ੍ਰਿਫਤਾਰ ਕਰ ਲਿਆ ਅਤੇ ਸਾਰਿਆਂ ਨੂੰ ਢਾਈ ਮਹੀਨੇ ਜੇਲ੍ਹ ਵਿਚ ਰਖਿਆ ਗਿਆ।

ਪ੍ਰਿੰਸੀਪਲ ਸਤਿਬੀਰ ਸਿੰਘ 7 ਫਰਵਰੀ 1955 ਈ. ਨੂੰ ਯੂ.ਪੀ. ਤੋਂ ਸ਼੍ਰੋ.ਗੁ.ਪ੍ਰ.ਕਮੇਟੀ ਲਈ ਮੈਂਬਰ ਨਾਮਜਦ ਕੀਤੇ ਗਏ ਤੇ ਫਿਰ 17 ਜਨਵਰੀ 1960 ਈ. ਨੂੰ ਜਲੰਧਰ ਤੋਂ ਸ਼੍ਰੋ.ਗੁ.ਪ੍ਰ.ਕਮੇਟੀ ਦੇ ਮੈਂਬਰ ਚੁਣੇ ਗਏ। ਪ੍ਰਿੰਸੀਪਲ ਸਤਿਬੀਰ ਸਿੰਘ ਦੀ ਸਦਾ ਯਾਦ ਰਹਿਣ ਵਾਲੀ ਜਿਹੜੀ ਸਿਖ ਪੰਥ ਨੂੰ ਦੇਣ ਹੈ, ਉਹ ਹੈ, 'ਸਿਖ ਅਜਾਇਬ ਘਰ', ਅੰਮ੍ਰਿਤਸਰ। ਕੇਂਦਰੀ ਸਿਖ ਅਜਾਇਬ ਘਰ ਦੀ ਰੂਪ ਰੇਖਾ, ਬਣਤਰ ਪ੍ਰਿੰਸੀਪਲ ਸਤਿਬੀਰ ਸਿੰਘ ਦੀ ਕਾਢ ਹੈ।

ਪ੍ਰਿੰਸੀਪਲ ਸਤਿਬੀਰ ਸਿੰਘ ਬੋਲ ਤੇ ਕਲਮ ਦੇ ਧਨੀ ਸਨ। ਪੰਜਾਬੀ ਸੂਬਾ ਮੋਰਚਾ ਜੋ 24 ਮਈ 1960 ਈ. ਨੂੰ ਸ਼ੁਰੂ ਹੋਇਆ ਉਸ ਮੋਰਚੇ ਵਿਚ ਮੋਰਚਾ ਡਿਕਟੇਟਰ ਸੰਤ ਫਤਹਿ ਸਿੰਘ ਦਾ ਪ੍ਰਿੰਸੀਪਲ

ਸਤਿਬੀਰ ਸਿੰਘ ਨੇ ਡਟ ਕੇ ਸਹਿਯੋਗ ਦਿਤਾ ਅਤੇ ਮੋਰਚੇ ਲਈ ਯੋਗ ਅਗਵਾਈ ਕੀਤੀ। ਪੰਜਾਬੀ ਸੂਬਾ ਮੋਰਚੇ ਸਮੇਂ ਸੰਗਤ ਆਪ ਜੀ ਦਾ ਭਾਸ਼ਨ ਸੁਣਨ ਲਈ ਉਤਾਵਲੀ ਰਹਿੰਦੀ ਸੀ। ਪ੍ਰਿੰਸੀਪਲ ਸਤਿਬੀਰ ਸਿੰਘ ਦਾ ਭਾਸ਼ਨ ਇੰਨਾ ਪ੍ਰਭਾਵਿਤ ਕਰਦਾ ਸੀ ਕਿ ਸ੍ਰੀ ਦਰਬਾਰ ਸਾਹਿਬ ਦਰਸ਼ਨ ਕਰਨ ਆਈਆਂ ਸੰਗਤਾਂ ਆਪ ਜੀ ਦਾ ਭਾਸ਼ਨ ਸੁਣਦੇ ਸਾਰ ਹੀ ਆਪਣਾ ਨਾਂ ਜਥੇ ਲਈ ਦਰਜ ਕਰਵਾ ਦਿੰਦੀਆਂ। ਆਪ ਜੀ ਨੇ ਆਪਣੇ ਭਾਸ਼ਨ ਨਾਲ ਸੰਗਤ ਵਿਚ ਜੋਸ਼ ਭਰ ਦੇਣਾ ਪਰ ਆਪ ਸ਼ਾਂਤ ਰਹਿਣਾ ਇਕ ਅਨੋਖਾ ਅਨੁਭਵ ਹੀ ਸੀ। ਉਨ੍ਹਾਂ ਦੇ ਬੋਲਾਂ ਦੀ ਸ਼ਬਦਾਵਲੀ ਹੀ ਐਸੀ ਹੁੰਦੀ ਸੀ ਕਿ ਸੰਗਤਾਂ ਆਪ ਮੁਹਾਰੇ ਹਰ ਤਰਾਂ ਦੀ ਕਰਬਾਨੀ ਕਰਨ ਲਈ ਤਿਆਰ ਹੋ ਜਾਂਦੀਆਂ। ਪ੍ਰਿੰਸੀਪਲ ਗੰਗਾ ਸਿੰਘ ਸਿਖ ਪੰਥ ਦੇ ਬਹੁਤ ਵਡੇ ਬੁਲਾਰੇ ਸਨ, ਪਰ ਉਨ੍ਹਾਂ ਦੇ ਦਿਹਾਂਤ ਤੋਂ ਬਾਅਦ ਪ੍ਰਿੰਸੀਪਲ ਸਤਿਬੀਰ ਸਿੰਘ ਨੇ ਸਫਲਤਾਪੂਰਵਕ ਉਸ ਖਲਾਅ ਨੂੰ ਭਰ ਦਿਤਾ ਸੀ।

ਪੰਜਾਬੀ ਸੂਬੇ ਦੇ ਮੋਰਚੇ ਸਮੇਂ ਜਿਥੇ ਪ੍ਰਿੰਸੀਪਲ ਸਤਿਬੀਰ ਸਿੰਘ ਦੇ ਭਾਸ਼ਨ ਦੀ ਹਰ ਪਾਸੇ ਚਰਚਾ ਸੀ ਉਥੇ ਪ੍ਰਿੰਸੀਪਲ ਸਾਹਿਬ ਨੇ ਜਥੇਦਾਰ ਮੋਹਨ ਸਿੰਘ ਤੁੜ ਦੀ ਚੋਣ ਵਿਚ ਵਿਸ਼ੇਸ਼ ਹਿਸਾ ਲਿਆ। ਜਥੇਦਾਰ ਤੁੜ ਜੇਲ੍ਹ ਵਿਚ ਬੰਦ ਸਨ ਅਤੇ ਸ. ਪ੍ਰਤਾਪ ਸਿੰਘ ਕੈਰੋਂ ਵਿਰੁਧ ਚੋਣ ਲੜ ਰਹੇ ਸਨ। ਇਸ ਬਾਰੇ ਕੈਰੋਂ ਕੋਲ ਪ੍ਰਿੰਸੀਪਲ ਸਤਿਬੀਰ ਸਿੰਘ ਦੇ ਖਿਲਾਫ ਸ਼ਿਕਾਇਤਾਂ ਪਹੁੰਚੀਆਂ ਤਾਂ ਕੈਰੋਂ ਪ੍ਰਿੰਸੀਪਲ ਸਤਿਬੀਰ ਸਿੰਘ ਦੇ ਖਿਲਾਫ ਹਰ ਤਾਕਤ ਵਰਤਣ ਨੂੰ ਤਿਆਰ ਹੋ ਗਿਆ ਅਤੇ ਲਾਇਲਪੁਰ ਖਾਲਸਾ ਕਾਲਜ ਜਲੰਧਰ ਦੀ ਪ੍ਰਬੰਧਕ ਕਮੇਟੀ ਨੂੰ ਕਿਹਾ ਕਿ ਪ੍ਰਿੰਸੀਪਲ ਸਤਿਬੀਰ ਸਿੰਘ ਮਾਫੀ ਮੰਗੇ, ਕਾਲਜ ਵਿਚੋਂ ਕਢੋ ਜਾਂ ਪੰਥਕ ਸੰਘਰਸ਼ ਛੁਡਾ ਕੇ ਰਖੋ। ਜਦੋਂ ਪ੍ਰਬੰਧਕੀ ਕਮੇਟੀ ਵਲੋਂ ਪ੍ਰਿੰਸੀਪਲ ਸਤਿਬੀਰ ਸਿੰਘ ਤਕ ਇਹ ਸਵਾਲ ਆਇਆ ਤਾਂ ਪ੍ਰਿੰਸੀਪਲ ਸਤਿਬੀਰ ਸਿੰਘ ਨੇ ਮੁਆਫੀ ਮੰਗਣ ਤੋਂ ਨਾਂਹ ਕਰ ਦਿਤੀ। ਉਨ੍ਹਾਂ ਨੇ ਲਿਖ ਕੇ ਦਿਤਾ ਕਿ ਪਹਿਲਾਂ ਵੀ ਅਕਾਲੀ ਸੀ ਤੇ ਅਗੋਂ ਵੀ ਅਕਾਲੀ ਰਹਾਂਗਾ। ਮੈਂ ਪਹਿਲਾਂ ਵੀ ਕੋਈ ਗਲਤੀ ਨਹੀਂ ਕੀਤੀ ਜੋ ਕੀਤਾ ਹੈ ਉਸ ਉਤੇ ਮੈਨੂੰ ਮਾਣ ਹੈ। ਪ੍ਰਿੰਸੀਪਲ ਸਾਹਿਬ ਨੇ ਲਿਖਿਆ ਕਿ ਪੰਥਕ ਸੰਘਰਸ਼ ਵਿਚ ਜੂਝਣਾ ਮੇਰਾ ਜਨਮ-ਸਿਧ ਅਧਿਕਾਰ ਹੈ, ਮੈਂ ਨੌਕਰੀ ਛਡ ਸਕਦਾ ਹਾਂ ਪਰ ਪੰਥਕ ਸੇਵਾ ਦਾ ਅਧਿਕਾਰ ਛਡਣ ਲਈ ਤਿਆਰ ਨਹੀਂ ਹਾਂ। ਪੰਜਾਬੀ ਸੂਬੇ ਦੇ ਮੋਰਚੇ ਸਮੇਂ ਪ੍ਰਿੰਸੀਪਲ ਸਾਹਿਬ ਨੇ ਜੋ ਭਾਸ਼ਨ ਦਿਤੇ ਉਨ੍ਹਾਂ ਨੇ ਪ੍ਰਿੰਸੀਪਲ ਸਾਹਿਬ ਨੂੰ ਪੰਥ ਤੇ ਕੌਮ ਦਾ ਸਭ ਤੋਂ ਉਤਮ ਤੇ ਸ਼ਕਤੀਸ਼ਾਲੀ ਬੁਲਾਰਾ ਸਥਾਪਿਤ ਕਰ ਦਿਤਾ। ਆਲ ਇੰਡੀਆ ਸਿਖ ਸਟੂਡੈਂਟ ਫੈਡਰੇਸ਼ਨ ਵਲੋਂ ਹਰ ਸਾਲ ਗੁਰਮਤਿ ਟ੍ਰੇਨਿੰਗ ਕੈਂਪ ਲਗਾਏ ਜਾਂਦੇ ਸਨ। ਪ੍ਰਿੰਸੀਪਲ ਸਤਿਬੀਰ ਸਿੰਘ ਜਿਸ ਕੈਂਪ'ਚ ਨਹੀਂ ਸਨ ਪੁਜਦੇ ਉਸਨੂੰ ਅਧੂਰਾ ਮੰਨਿਆ ਜਾਂਦਾ ਸੀ।

ਪ੍ਰਿੰਸੀਪਲ ਸਤਿਬੀਰ ਸਿੰਘ ਨੇ ਵਖੋ ਵਖ ਸਿਖ ਵਿਦਿਅਕ ਸੰਸਥਾਵਾਂ ਵਿਚ ਬਤੌਰ ਪ੍ਰਿੰਸੀਪਲ ਸੇਵਾ ਨਿਭਾਈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਉਨਾਂ ਦੇ ਸਮੇਂ ਦੌਰਾਨ ਮਨਾਈਆਂ ਗਈਆਂ ਸ਼ਤਾਬਦੀਆਂ ਦੀ ਸਾਰੀ ਰੂਪ ਰੇਖਾ ਉਨ੍ਹਾਂ ਦੀ ਅਗਵਾਈ ਵਿਚ ਹੀ ਤਿਆਰ ਹੁੰਦੀ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਪ੍ਰਕਾਸ਼ਿਤ ਕੀਤੀਆਂ ਗੁਰੂ ਸਾਹਿਬਾਨ, ਸਿਖ ਸ਼ਹੀਦਾਂ, ਸਿਖ ਜਰਨੈਲਾਂ ਦੀਆਂ ਸਚਿਤਰ ਪੁਸਤਕਾਂ, ਇਤਿਹਾਸਕ ਡਾਇਰੀ, ਕੈਲੰਡਰ ਉਨ੍ਹਾਂ ਦੀ ਵਿਦਵਤਾ ਦੀ ਉਪਜ ਸਨ। ਪ੍ਰਿੰਸੀਪਲ ਸਤਿਬੀਰ ਸਿੰਘ 1979 ਵਿਚ ਧਰਮ ਪ੍ਰਚਾਰ ਕਮੇਟੀ ਦੇ ਮੁਖ ਮੈਂਬਰ ਬਣੇ।

ਸਿਖ ਇਤਿਹਾਸ-ਸਾਹਿਬ ਦੀ ਸਿਰਜਨਾ ਵਿਚ ਪ੍ਰਿੰਸੀਪਲ ਸਤਿਬੀਰ ਸਿੰਘ ਦਾ ਯੋਗਦਾਨ ਬੜਾ ਅਦੁਤੀ ਹੈ ਅਤੇ ਇਤਿਹਾਸਕ ਵੀ ਹੈ। ਆਪ ਜੀ ਨੇ ਇਕ ਸੌ ਦੇ ਕਰੀਬ ਕਿਤਾਬਾਂ ਲਿਖੀਆਂ। ਪ੍ਰਿੰਸੀਪਲ ਸਤਿਬੀਰ ਸਿੰਘ ਨੇ ਦਸ ਜਿਲਦਾਂ ਵਿਚ ਦਸ ਪਾਤਸ਼ਾਹੀਆਂ ਦੀ ਜੀਵਨ-ਸਾਖੀ ਦਸੇ ਜਿਲਦਾਂ ਸੋਨੇ ਵਿਚ ਮੜ੍ਹ ਕੇ ਜਥੇਦਾਰ ਗੁਰਚਰਨ ਸਿੰਘ ਟੋਹੜਾ ਤੇ ਡਾਕਟਰ ਸ. ਇੰਦਰਜੀਤ ਸਿੰਘ ਜੀ ਦੇ ਹਸਤ-ਕਮਲਾਂ ਰਾਹੀਂ ਗੁਰੂ ਰਾਮ ਦਾਸ ਜੀ ਦੇ ਚਰਨਾਂ ਵਿਚ ਭੇਂਟ ਕੀਤੀਆਂ।

ਪ੍ਰਿੰਸੀਪਲ ਸਤਿਬੀਰ ਸਿੰਘ ਜੀ ਪੰਥ-ਪਿਆਰੇ ਸਨ। ਸਿਖ ਇਤਿਹਾਸ ਤੇ ਸਾਹਿਤ ਸਿਰਜਨਾਂ ਦੇ ਪ੍ਰਸਿਧ ਵਿਦਵਾਨ ਸਨ। ਉਹ ਪੰਥ ਨੂੰ ਸਮਰਪਿਤ ਤੇ ਪੰਥ ਦੇ ਸ਼੍ਰੋਮਣੀ ਬੁਲਾਰੇ ਸਨ। ਸਿਖ ਧਰਮ, ਸਿਖੀ ਪ੍ਰਚਾਰ ਅਤੇ ਗੁਰਮਤਿ ਸਾਹਿਤ ਲਈ ਕੀਤੀ ਉਨ੍ਹਾਂ ਦੀ ਅਦੁਤੀ ਸੇਵਾ ਨੂੰ ਭੁਲਾਇਆ ਨਹੀਂ ਜਾ ਸਕਦਾ। ਪ੍ਰਿੰਸੀਪਲ ਸਤਿਬੀਰ ਸਿੰਘ ਜੀ 18 ਅਗਸਤ 1994 ਨੂੰ ਗੁਰੂ ਪਿਆਰ ਦੀਆਂ ਬਾਤਾਂ ਪਾਉਂਦੇ ਹੋਏ ਗੁਰੂ ਚਰਨਾਂ ਵਿਚ ਜਾ ਬਿਰਾਜੇ। ਸਮੁਚਾ ਖਾਲਸਾ ਪੰਥ ਉਨ੍ਹਾਂ ਦੀ ਪੰਥ ਪ੍ਰਤੀ ਕੀਤੀਆਂ ਸੇਵਾਵਾਂ ਨੂੰ ਯਾਦ ਕਰਦਾ ਹੋਇਆ ਉਨ੍ਹਾਂ ਨੂੰ ਸ਼ਰਧਾ ਦੇ ਫੁਲ ਭੇਂਟ ਕਰਦਾ ਹੈ।

ਐਮ.ਪੀ.ਕੇਂਦਰੀ ਸ੍ਰੀ ਗੁਰੂ ਸਿੰਘ ਸਭਾ-ਨਿਊਜ਼
ਲੈਟਰ ਵਿਚੋਂ ਧੰਨਵਾਦ ਸਹਿਤ
**ਮੋ.:** 9815533725

Donations to **AMRIT KIRTAN TRUST** are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012 and now valid in perpetuity, Cheques/Drafts should be sent in the name of **AMRIT KIRTAN TRUST** payable at Mohali. Donations can also be sent by money order at the address **AMRIT KIRTAN TRUST** (Regd.) 422, Sector 15-A, Chandigarh-160015. The Donations can be made by Electronic Transfer also. The bank details are : **AMRIT KIRTAN TRUST** Saving Bank A/c No. 65079603302, IFSC : SBIN0018141 in the State Bank of India, Phase 3B2, Mohali Punjab Branch. After such a Deposit, please inform us your Aadhar No., Pan No. Name & Address as also the deposit details to enable us to send you the receipt.

# – ਉਸਤਾਦ ਅਮੀਰ ਖਾਂ –
# ਇੰਦੌਰ ਘਰਾਣੇ ਦੇ ਪ੍ਰਸਿਧ ਸ਼ਾਸਤਰੀ ਗਾਇਕ

**ਡਾ. ਰਣਜੀਤ ਸਿੰਘ**

ਇੰਦੌਰ ਘਰਾਣੇ ਦੇ ਪ੍ਰਸਿਧ ਸ਼ਾਸਤਰੀ ਗਾਇਕ ਉਸਤਾਦ ਅਮੀਰ ਖਾਂ ਦਾ ਜਨਮ ਅਪ੍ਰੈਲ 1912 ਈ. ਨੂੰ ਅਕੋਲਾ ਵਿਚ ਉਸਤਾਦ ਸ਼ਾਹਮੀਰ ਖਾਂ ਦੇ ਗ੍ਰਹਿ ਵਿਖੇ ਹੋਇਆ। ਉਸਤਾਦ ਸ਼ਾਹਮੀਰ ਖਾਂ ਕਲਾਨੌਰ (ਹਰਿਆਣਾ ਪ੍ਰਾਂਤ) ਦੇ ਰਹਿਣ ਵਾਲੇ ਸਨ ਅਤੇ ਪ੍ਰਸਿਧ ਸਾਰੰਗੀ ਅਤੇ ਵੀਣਾ ਵਾਦਕ ਦੇ ਤੌਰ ਤੇ ਜਾਣੇ ਜਾਂਦੇ ਸਨ। ਬੰਬਈ ਤੋਂ ਸਾਰੰਗੀ ਵਾਦਨ ਦੀ ਸਿਖਿਆ ਲੈਣ ਉਪਰੰਤ ਉਹ ਇੰਦੌਰ ਵਿਖੇ ਰਹਿਣ ਲੱਗੇ ਅਤੇ ਇਥੇ ਹੀ ਇੰਦੌਰ ਰਾਜ ਦੇ ਦਰਬਾਰੀ ਕਲਾਵੰਤ ਬਣੇ। ਉਨ੍ਹਾਂ ਦਿਨਾਂ ਵਿਚ ਉਸਤਾਦ ਸ਼ਾਹਮੀਰ ਖਾਂ ਦੇ ਘਰ ਬਿੰਦੂ ਖਾਂ, ਅਲਾਬੰਦੇ ਜਾਫਰੂਦੀਨ ਖਾਂ ਅਤੇ ਮੁਰਾਦ ਖਾਂ ਜਿਹੇ ਪ੍ਰਸਿਧ ਸੰਗੀਤਕਾਰ ਹਮੇਸ਼ਾਂ ਹੀ ਆਉਂਦੇ ਰਹਿੰਦੇ ਸਨ। ਹਫ਼ਤੇ ਦੇ ਹਰ ਸ਼ੁੱਕਰਵਾਰ ਇਕ ਸੰਗੀਤਕ ਪ੍ਰੋਗਰਾਮ ਦਾ ਆਯੋਜਨ ਕੀਤਾ ਜਾਂਦਾ ਸੀ ਜਿਸ ਵਿਚ ਮੁਰਾਦ ਖਾਂ ਬੀਨਕਾਰ, ਵਹੀਦ ਖਾਂ ਅਤੇ ਰਜ਼ਬ ਅਲੀ ਖਾਂ ਜਿਹੇ ਸੰਗੀਤਕਾਰ ਭਾਗ ਲੈਂਦੇ ਰਹਿੰਦੇ ਸਨ। ਉਸ ਸਮੇਂ ਭਾਵੇਂ ਅਮੀਰ ਖਾਂ ਬਚਪਨ ਦੀ ਅਵਸਥਾ ਵਿਚ ਸੀ ਪਰ ਇਨ੍ਹਾਂ ਉਸਤਾਦ ਕਲਾਕਾਰਾਂ ਦਾ ਗਾਇਨ ਨੇੜੇ ਤੋਂ ਸੁਣ-ਸੁਣ ਕੇ ਉਨਾਂ ਦਾ ਰੁਝਾਨ ਸੰਗੀਤ ਵੱਲ ਹੋਣਾ ਸੁਭਾਵਿਕ ਹੀ ਸੀ।

ਉਸਤਾਦ ਸ਼ਾਹਮੀਰ ਖਾਂ ਆਪਣੇ ਪੁੱਤਰ ਅਮੀਰ ਖਾਂ ਨੂੰ ਸਾਰੰਗੀ ਵਾਦਨ ਦੇ ਖੇਤਰ ਵਿਚ ਪਾਉਣਾ ਚਾਹੁੰਦੇ ਸਨ ਪਰ ਉਸ ਦਾ ਰੁਝਾਨ ਸ਼ਾਸਤਰੀ ਸੰਗੀਤ ਵੱਲ ਸੀ। ਰੋਜ਼ਾਨਾ ਘੰਟਿਆਂ ਬੱਧੀ ਰਿਆਜ਼ ਅਤੇ ਦ੍ਰਿੜ ਆਤਮ ਵਿਸ਼ਵਾਸ਼ ਕਾਰਨ ਉਨ੍ਹਾਂ ਦੀ ਖਿਆਲ ਗਾਇਨ ਸ਼ੈਲੀ ਦੀ ਸੁਗੰਧ ਦਿਨਾਂ ਵਿਚ ਹੀ ਸਾਰੇ ਦੇਸ਼ ਵਿਚ ਫੈਲਣ ਲੱਗੀ। ਖਾਂ ਸਾਹਿਬ 1934 ਈ. ਵਿਚ ਕੁਝ ਸਮੇਂ ਲਈ ਬੰਬਈ ਚਲੇ ਗਏ ਜਿਥੇ ਉਨ੍ਹਾਂ ਦੀ ਮੁਲਾਕਾਤ ਅਬਦੁਲ ਵਹੀਦ ਖਾਂ ਨਾਲ ਹੋਈ। ਅਮੀਰ ਖਾਂ ਦਾ ਗਾਣਾ ਸੁਣ ਕੇ ਉਨ੍ਹਾਂ ਨੇ ਕਿਹਾ ਕਿ ਅਜੇ ਹੋਰ ਮਿਹਨਤ ਦੀ ਲੋੜ ਹੈ। ਅਬਦੁਲ ਵਹੀਦ ਖਾਂ ਵਲੋਂ ਕਹੀ ਹੋਈ ਇਸ ਗੱਲ ਨੂੰ ਚੈਲਿੰਜ ਵਜੋਂ ਕਬੂਲਦਿਆਂ ਖਾਂ ਸਾਹਿਬ ਨੇ ਉਨ੍ਹਾਂ ਦੀ ਹੀ ਗਾਇਕੀ ਨੂੰ ਅਪਣਾਉਣਾ ਸ਼ੁਰੂ ਕਰ ਦਿਤਾ। ਸਿਟੇ ਵਜੋਂ ਅਬਦੁਲ ਵਹੀਦ ਖਾਂ ਨੂੰ ਇਹ ਕਹਿਣਾ ਪਿਆ ਕਿ ਮੈਨੂੰ ਹੁਣ ਪੂਰਾ ਵਿਸ਼ਵਾਸ਼ ਹੋ ਗਿਆ ਗਿਆ ਹੈ ਕਿ ਮੇਰੇ ਘਰਾਣੇ ਦੀ ਗਾਇਕੀ ਨੂੰ ਮੇਰੇ ਤੋਂ ਬਾਅਦ ਅਮੀਰ ਖਾਂ ਹੀ ਜਿੰਦਾ ਰੱਖ ਸਕਦੇ ਹਨ।

ਬੰਬਈ ਉਪਰੰਤ ਉਸਤਾਦ ਅਮੀਰ ਖਾਂ ਕਲਕੱਤਾ ਚਲੇ ਗਏ ਅਤੇ ਉਥੇ ਵੱਡੇ-ਵੱਡੇ ਸੰਗੀਤ ਸੰਮੇਲਨਾਂ ਵਿਚ ਭਾਗ ਲੈਣ ਲੱਗੇ। ਇਥੇ ਰਹਿ ਕੇ ਇਨ੍ਹਾਂ ਨੇ ਆਪਣਾ ਪਹਿਲਾ ਅਕਾਸ਼ਬਾਣੀ ਪ੍ਰੋਗਰਾਮ ਪੇਸ਼ ਕੀਤਾ ਜਿਸ ਦੀ ਸੰਗੀਤ ਪ੍ਰੇਮੀਆਂ ਵਲੋਂ ਭਰਪੂਰ ਸ਼ਲਾਘਾ ਹੋਈ। ਅਬਦੁਲ ਵਹੀਦ ਖਾਂ ਦੇ ਗਾਇਨ ਦਾ, ਮੁਰਾਦ ਖਾਂ ਅਤੇ ਵਹੀਦ ਖਾਂ ਦੀ ਬੀਨ ਦਾ ਅਤੇ ਰਜ਼ਬ ਅਲੀ ਖਾਂ ਦੀਆਂ ਤਾਨਾਂ ਦਾ ਉਨ੍ਹਾਂ ਦੇ ਗਾਇਨ ਤੇ ਸ਼ਪਸ਼ਟ ਪ੍ਰਭਾਵ ਝਲਕਦਾ ਸੀ। ਭਾਰਤ ਦੀਆਂ ਉੱਚ ਪੱਧਰੀ ਸੰਗੀਤ ਸਭਾਵਾਂ ਵਿਚ ਗਾਉਣ ਤੋਂ ਇਲਾਵਾ ਖਾਂ ਸਾਹਿਬ ਨੇ ਕਈ ਫਿਲਮਾਂ ਵਿਚ ਰਾਗਾਂ ਦੇ ਅਧਾਰਿਤ ਫਿਲਮੀ ਗੀਤ ਵੀ ਗਾਏ। ਫਿਲਮ ‘ਬੈਜੂ ਬਾਵਰਾ’ ਵਿਚ ਰਾਗ ਪੂਰੀਆ ਧਨਾਸਰੀ ਵਿਚ ‘ਤੇਰੀ ਜੈ-ਜੈ ਕਰਤਾਰ’, ਰਾਗ ਦਰਬਾਰੀ ਵਿਚ ‘ਸਰਗਮ’, ਰਾਗ ਤੋੜੀ ਵਿਚ ‘ਲੰਗਰ ਕੰਕਹੀਆ ਜੀ ਨਾ ਮਾਰ’, ਰਾਗ ਦੇਸੀ ਵਿਚ ‘ਆਜ ਗਾਵਤ ਮਨ ਮੇਰੋ ਝੂਮ ਕੇ’ ਅਤੇ ਰਾਗ ਮੇਘ ਵਿਚ ‘ਘਨਨ ਘਨਨ ਘਨ ਗਰਜੋ ਰੇ’ ਆਦਿ ਗੀਤਾਂ ਦਾ ਗਾਇਨ ਕੀਤਾ। ਫਿਲਮ ‘ਸ਼ਬਾਬ’ ਵਿਚ ਮੁਲਤਾਨੀ ਰਾਗ ਵਿਚ ‘ਦਇਆ ਕਰ ਹੇ ਗਿਰਧਰ ਗੋਪਾਲ’ ਦਾ ਗਾਇਨ ਕੀਤਾ। ਫਿਲਮ ‘ਝਨਕ ਝਨਕ ਪਾਇਲ ਬਾਜੇ ਵਿਚੋ ਰਾਗ ਅੜਾਨਾ ਵਿਚ ਟਾਈਟਲ ਗੀਤ ‘ਝਨਕ ਝਨਕ ਪਾਇਲ ਬਾਜੇ’ ਫਿਲਮ ‘ਗੂੰਜ ਉਠੀ ਸ਼ਹਿਨਾਈ’ ਵਿਚ ਪ੍ਰਸਿਧ ਸ਼ਹਿਨਾਈ ਵਾਦਕ ਉਸਤਾਦ ਬਿਲਮਿਲ੍ਹਾ ਖਾਂ ਨਾਲ ਇਕ ਰਾਗ ਮਾਲਾ ਅਤੇ ਫਿਲਮ ‘ਰਾਗਿਨੀ’ ਵਿਚ ਲਲਿਤ ਰਾਗ ਵਿਚੋ ‘ਜੋਗੀਆ ਮੇਰੇ ਘਰ ਆਏ’ ਗੀਤਾਂ ਦਾ ਗਾਇਨ ਕੀਤਾ। ਇਸ ਤੋਂ ਇਲਾਵਾ ਮਿਰਜ਼ਾ ਗਾਲਿਬ ਦੇ

ਜੀਵਨ ਤੇ ਅਧਾਰਿਤ ਇਕ ਦਸਤਾਵੇਜ਼ੀ ਫਿਲਮ ਲਈ 'ਰਹੀਏ ਅਬ ਐਸੀ ਜਗ੍ਹਾ' ਨਾਮ ਦੀ ਇਕ ਗਜ਼ਲ ਦਾ ਗਾਇਨ ਵੀ ਕੀਤਾ।

ਉਸਤਾਦ ਅਮੀਰ ਖਾਂ ਵਲੋਂ ਗਾਏ ਰਾਗਾਂ ਦੇ ਰਿਕਾਰਡ ਰਾਗ ਆਭੋਗੀ, ਅਹੀਰ ਭੈਰਵ, ਬਾਗੇਸ਼ਵਰੀ, ਬਹਾਰ, ਭਟਿਆਰ, ਬੈਰਾਗੀ, ਅੜਾਨਾ, ਕਲਾਵਤੀ, ਕੇਦਾਰ, ਮਧੂਕੌਂਸ, ਮਾਰਵਾ, ਪੂਰਵੀ, ਮੁਲਤਾਨੀ, ਰਾਗੇਸ਼ਵਰੀ, ਪੂਰੀਆ ਕਲਿਆਣ ਆਦਿ ਵਿਚ ਅੱਜ ਵੀ ਉਪਲਬਧ ਹਨ। ਉਨ੍ਹਾਂ ਨੂੰ ਵਿਲੰਬਿਤ ਖਿਆਲ ਦਾ ਗਾਇਨ ਕਰਨਾ ਅਤੇ ਵਿਲੰਬਿਤ ਝੂਮਰਾ ਤਾਲ ਵਿਚ ਗਾਉਣਾ ਬਹੁਤ ਪਸੰਦ ਸੀ। ਉਹ ਠੁਮਰੀ ਜਾਂ ਹੋਰ ਹਲਕੇ ਫੁਲਕੇ ਗੀਤ ਗਾਉਣਾ ਪਸੰਦ ਨਹੀਂ ਸੀ ਕਰਦੇ। ਕਦੇ-ਕਦੇ ਤਰਾਨਾ ਜਰੂਰ ਗਾ ਲੈਂਦੇ ਸਨ। ਤਰਾਨੇ ਸਬੰਧੀ ਉਨ੍ਹਾਂ ਦਾ ਕਹਿਣਾ ਸੀ ਕਿ ਇਸ ਦਾ ਕੋਈ ਵੀ ਸ਼ਬਦ ਨਿਰਆਰਥਕ ਨਹੀ ਹੁੰਦਾ। ਉਨ੍ਹਾਂ ਦੀ ਇਸ ਖੋਜ ਲਈ ਬਿਹਾਰ ਸੰਗੀਤ ਨਾਟਯ ਪ੍ਰੀਸ਼ਦ ਨੇ 1958 ਈ. ਵਿਚ ਫੈਲੋ ਬਣਾਇਆ। 1967 ਈ. ਵਿਚ ਇਨ੍ਹਾਂ ਨੂੰ ਸੰਗੀਤ ਨਾਟਕ ਅਕਾਦਮੀ ਪੁਰਸਕਾਰ, 1971 ਈ. ਵਿਚ ਰਾਸ਼ਟਰਪਤੀ ਐਵਾਰਡ, ਭਾਰਤ ਸਰਕਾਰ ਵਲੋਂ 1971 ਈ. ਵਿਚ 'ਪਦਮ ਭੂਸ਼ਣ' ਐਵਾਰਡ ਅਤੇ 1971 ਈ. ਵਿਚ ਹੀ ਸੁਰ ਸਿੰਗਾਰ ਸੰਸਦ ਵਲੋਂ 'ਸੁਰ ਵਿਲਾਸ' ਦੀ ਉਪਾਧੀ ਨਾਲ ਸਨਮਾਨਿਤ ਕੀਤਾ ਗਿਆ। ਇਸ ਤੋਂ ਬਿਨ੍ਹਾਂ ਦੇਸ਼ ਵਿਦੇਸ਼ ਵਿਚ ਖਾਂ ਸਾਹਿਬ ਨੂੰ ਅਨੇਕਾਂ ਪੁਰਸਕਾਰਾਂ ਨਾਲ ਨਿਵਾਜਿਆ ਗਿਆ।

ਖਾਂ ਸਾਹਿਬ ਨੇ ਆਪਣੇ ਜੀਵਨ ਕਾਲ ਵਿਚ ਤਿੰਨ ਸ਼ਾਦੀਆਂ ਕਰਵਾਈਆਂ। ਪਹਿਲੀ ਸ਼ਾਦੀ ਉਸਤਾਦ ਵਿਲਾਇਤ ਖਾਂ ਦੀ ਭੈਣ ਜੀਨਤ ਨਾਲ ਹੋਈ ਜਿਸ ਤੋਂ ਇਕ ਲੜਕੀ ਫਰੀਦਾ ਨੇ ਜਨਮ ਲਿਆ। ਦੂਜੀ ਸ਼ਾਦੀ ਮੁਨੀ ਬਾਈ ਨਾਲ ਹੋਈ ਜਿਸ ਤੋਂ ਇਕ ਲੜਕੇ ਅਹਿਮਦ ਦਾ ਜਨਮ ਹੋਇਆ। ਤੀਜੀ ਸ਼ਾਦੀ ਠੁਮਰੀ ਗਾਇਕਾ ਮੁਸ਼ਤਰੀ ਬੇਗਮ ਦੀ ਬੇਟੀ ਰਾਇਸਾ ਬੇਗਮ ਨਾਲ ਹੋਈ।

ਇਨ੍ਹਾਂ ਦੇ ਪ੍ਰਮੁੱਖ ਸ਼ਗਿਰਦਾਂ ਵਿਚੋਂ ਸਵ. ਪੰਡਿਤ ਅਮਰਨਾਥ, ਏ. ਕਾਨਨ, ਸਿੰਘ ਬੰਧੂ, ਮੁਕੰਦ ਗੋਸਵਾਮੀ, ਕੰਕਣਾ ਬੈਨਰਜੀ, ਪੀ. ਕੇ. ਮੁਖਰਜੀ, ਹਿਰਦੇਨਾਥ ਮੰਗੇਸ਼ਕਰ, ਅਜੀਤ ਸਿੰਘ ਪੈਂਤਲ, ਕਮਲ ਬੋਸ ਅਤੇ ਮੁਨੀਰ ਖਾਨ ਪ੍ਰਮੁੱਖ ਹਨ ਜਿਨ੍ਹਾਂ ਦਾ ਗਾਇਨ ਸੁਣ ਕੇ ਉਸਤਾਦ ਅਮੀਰ ਖਾਂ ਦੀ ਯਾਦ ਤਾਜ਼ਾ ਹੋ ਜਾਂਦੀ ਹੈ।

ਉਸਤਾਦ ਅਮੀਰ ਖਾਂ ਦੀ ਗਾਇਕੀ ਨੇ ਨੌਜਵਾਨ ਗਾਇਕਾਂ ਨੂੰ ਬਹੁਤ ਪ੍ਰਭਾਵਿਤ ਕੀਤਾ ਤੇ ਉਹ ਖਾਂ ਸਾਹਿਬ ਦੀ ਗਾਇਕੀ ਨੂੰ ਆਪਣੇ ਗਲੇ ਤੋਂ ਉਤਾਰਨ ਦੀ ਹਰ ਸੰਭਵ ਕੋਸ਼ਿਸ਼ ਕਰਦੇ ਰਹਿੰਦੇ। 1972 ਈ. ਵਿਚ ਆਪ ਨੇ ਅਮਰੀਕਾ ਦੇ ਵੱਖ-ਵੱਖ ਸ਼ਹਿਰਾਂ ਵਿਚ ਸੰਗੀਤਕ ਪ੍ਰੋਗਰਾਮ ਕਰਕੇ ਸੰਗੀਤ ਪ੍ਰੇਮੀਆਂ ਨੂੰ ਆਪਣੀ ਸੁਰੀਲੀ ਗਾਇਕੀ ਨਾਲ ਮੰਤਰ ਮੁਗਧ ਕੀਤਾ। ਇਸੇ ਕੜੀ ਤਹਿਤ ਸੰਨ 1974 ਈ. ਵਿਚ ਉਹ ਅਮਰੀਕਾ ਜਾਣ ਦੀ ਤਿਆਰੀ ਵਿਚ ਹੀ ਸਨ ਕਿ 13 ਫਰਵਰੀ, 1974 ਈ. ਨੂੰ ਕਲਕੱਤਾ ਵਿਖੇ ਇਕ ਦੁਰਘਟਨਾ ਵਿਚ ਉਨ੍ਹਾਂ ਦਾ ਦੇਹਾਂਤ ਹੋ ਗਿਆ। ਸੰਗੀਤ ਦੇ ਮਹਾਨ ਸਿਤਾਰੇ ਉਸਤਾਦ ਅਮੀਰ ਖਾਂ ਭਾਂਵੇ ਸਾਡੇ ਵਿਚ ਨਹੀਂ ਰਹੇ, ਪਰ ਉਨ੍ਹਾਂ ਦੀ ਰਸਭਿੰਨੀ ਅਵਾਜ਼ ਹਮੇਸ਼ਾਂ ਸੰਗੀਤ ਪ੍ਰੇਮੀਆਂ ਦੇ ਦਿਲਾਂ ਨੂੰ ਟੁੰਬਦੀ ਰਹੇਗੀ।

ਡਾ. ਰਣਜੀਤ ਸਿੰਘ
ਪ੍ਰਿੰਸੀਪਲ, ਭਾਈ ਸੰਗਤ ਸਿੰਘ ਖਾਲਸਾ ਕਾਲਜ
ਬੰਗਾ, ਜਿਲਾ ਸ਼ਹੀਦ ਭਗਤ ਸਿੰਘ ਨਗਰ

# (ਕਾਕਾ) ਭਾਈ ਅਵਤਾਰ ਸਿੰਘ ਸੰਤਰੇਣ



ਸੰਤਰੇਣ ਅਵਤਾਰ ਸਿੰਘ ਜੀ ਨਾਲ ਕਾਕਾ ਅਵਤਾਰ ਸਿੰਘ ਸੰਤਰੇਣ ਕਪੂਰਥਲੇ ਵਾਲੇ ਦਾ ਕੀਰਤਨ 1970 ਦੇ ਨੇੜੇ ਤੇੜੇ ਦਿੱਲੀ, ਜਲੰਧਰ, ਚੰਡੀਗੜ੍ਹ ਆਦਿ ਥਾਵਾਂ ਤੇ ਸਰਲ ਅਤੇ ਮਿੱਠਾ ਕੀਰਤਨ ਸੁਣਨ ਵਾਲੀਆਂ ਸਿੱਖ ਸੰਗਤਾਂ ਵਿੱਚ ਬਹੁਤ ਪਸੰਦ ਕੀਤਾ ਜਾਂਦਾ ਸੀ। ਕਾਕਾ ਅਵਤਾਰ ਸਿੰਘ ਦਾ ਭੋਲਾ ਸੁੰਦਰ ਚਿਹਰਾ ਸੰਤ ਲਿਬਾਸ ਵਿੱਚ ਬੜਾ ਪ੍ਰਭਾਵਸ਼ਾਲੀ ਜਾਪਦਾ ਸੀ। ਤੇ ਇਸ ਨਾਲ ਨਾਲ ਜਦੋਂ ਉਹ ਮਿੱਠੀ ਆਵਾਜ਼ ਵਿੱਚ ਕੀਰਤਨ ਕਰਦੇ ਸਨ ਤਾਂ ਸੰਗਤਾਂ ਬਹੁਤ ਪ੍ਰਸੰਨ ਹੁੰਦੀਆਂ ਸਨ।

ਕਾਕਾ ਅਵਤਾਰ ਸਿੰਘ ਜੀ ਦਾ ਜਨਮ 2 ਅਕਤੂਬਰ 1955 ਨੂੰ ਕਪੂਰਥਲਾ ਵਿੱਚ ਹੋਇਆ। ਆਪ ਦੇ ਮਾਪੇ ਪਾਕਿਸਤਾਨ ਜ਼ਿਲਾ ਲਾਇਲਪੁਰ ਤੋਂ ਆ ਕੇ ਕਪੂਰਥਲੇ ਵੱਸੇ ਸਨ। ਆਪ ਸੱਤ ਭੈਣ ਭਰਾ ਸਨ। ਤਿੰਨ ਭਰਾ ਅਤੇ ਚਾਰ ਭੈਣਾ। ਆਪ ਦੇ ਪਿਤਾ ਕਪੂਰਥਲੇ ਦੇ ਇੱਕ ਵਕੀਲ ਕੋਲ ਅਸਿਸਟੈਂਟ ਦੇ ਤੌਰ ਤੇ ਕੰਮ ਕਰਦੇ ਸਨ।

ਅਵਤਾਰ ਸਿੰਘ ਜੀ ਬਚਪਨ ਤੋਂ ਹੀ ਧਾਰਮਿਕ ਰੁਚੀਆਂ ਦੇ ਧਾਰਨੀ ਸਨ। ਸੰਤਾਂ ਵਾਲਾ ਬਾਣਾ ਪਾ ਕੇ ਗੁਰਦੁਆਰਾ ਸਾਹਿਬ ਜਾ ਕੇ ਪਾਠ ਕਰਦੇ ਅਤੇ ਕੀਰਤਨ ਸਿੱਖਣ ਦੀ ਕੋਸ਼ਿਸ਼ ਕਰਦੇ ਸਨ। ਪੜ੍ਹਨ ਲਿਖਣ ਵੱਲ ਆਪ ਦੀ ਰੁਚੀ ਘਟ ਸੀ। ਪਰ ਆਪ ਸਿੱਖ ਧਰਮ ਨਾਲ ਸਬੰਧਤ ਸਾਹਿਤ ਪੜ੍ਹਦੇ ਸਨ। ਆਪ ਦੀ ਆਵਾਜ਼ ਮਿੱਠੀ ਸੀ। ਚਾਰ ਪੰਜ ਸਾਲ ਦੀ ਉਮਰ ਵਿੱਚ ਹੀ ਆਪ ਅੰਮ੍ਰਿਤ ਛਕਣ ਲਈ ਅਕਾਲ ਤਖਤ ਸਾਹਿਬ ਪਹੁੰਚ ਗਏ। ਉਦੋਂ ਉਥੇ ਸਿੰਘ ਸਾਹਿਬਾਨ ਨੇ ਉਹਨਾਂ ਨੂੰ ਅੰਮ੍ਰਿਤ ਛਕਾਉਣ ਤੋਂ ਇਨਕਾਰ ਕਰ ਦਿੱਤਾ। ਫਿਰ ਸੱਤ ਸਾਲ ਦੀ ਉਮਰ ਵਿੱਚ ਇਹਨਾਂ ਨੇ ਅੰਮ੍ਰਿਤ ਛਕ ਲਿਆ ਤੇ ਆਪਣੇ ਆਪ ਨੂੰ ਪੂਰੀ ਤਰ੍ਹਾਂ ਕੀਰਤਨ ਵੱਲ ਸਮਰਪਿਤ ਕਰ ਦਿੱਤਾ। ਕਪੂਰਥਲਾ ਦੇ ਗਿਆਨੀ ਕਰਤਾਰ ਸਿੰਘ ਕੀਰਤਨੀਆਂ ਜੋ ਨੇਤਰ ਹੀਣ ਸਨ ਪਾਸੋਂ ਮੁੱਢਲੀ ਕੀਰਤਨ ਵਿਦਿਆ ਹਾਸਲ ਕੀਤੀ। ਇੱਥੇ ਹੀ ਆਪ ਦੇ ਵੱਡੇ ਭਰਾ ਜਗਜੀਤ ਸਿੰਘ ਨੇ ਤਬਲਾ ਸਿੱਖਿਆ ਤੇ ਇੰਜ ਇਹਨਾਂ ਦਾ ਕੀਰਤਨੀ ਜਥਾ ਤਿਆਰ ਹੋ ਗਿਆ। ਇਹਨਾਂ ਦੇ ਪਿਤਾ ਜੀ ਵੀ ਇਹਨਾਂ ਨਾਲ ਕੀਰਤਨ ਕਰਨ ਲੱਗ ਪਏ। ਆਪ ਭਾਈ ਸੁਰਜਨ ਸਿੰਘ ਅਤੇ ਭਾਈ ਬਖਸ਼ੀਸ਼ ਸਿੰਘ ਜੀ ਪਟਿਆਲੇ ਵਾਲਿਆਂ ਦੇ ਕੀਰਤਨ ਤੋਂ ਬਹੁਤ ਪ੍ਰਭਾਵਿਤ ਸਨ।

1969 ਵਿੱਚ ਦਿੱਲੀ ਮਾਡਲ ਟਾਊਨ ਗੁਰਦੁਆਰਾ ਸਾਹਿਬ ਤੋਂ ਇਹਨਾਂ ਦੀ ਕੀਰਤਨ ਯਾਤਰਾ ਸ਼ੁਰੂ ਹੋਈ ਤੇ ਫਿਰ ਦਿੱਲੀ ਦੀਆਂ ਸੰਗਤਾਂ ਵਿੱਚ ਇਹਨਾਂ ਨੇ ਆਪਣਾ ਸਥਾਨ ਬਣਾ ਲਿਆ ਫਿਰ ਬੰਬਈ,ਕਲਕਤਾ,ਪੂਨਾਂ, ਹਜ਼ੂਰ ਸਾਹਿਬ ਨਾਦੇੜ ਕੀਰਤਨ ਕਰਨ ਲਈ ਗਏ। ਉਸ ਸਮੇਂ ਇਹਨਾਂ ਦੀ ਪ੍ਰਸਿੱਧੀ ਕਾਰਨ ਸਰਬ ਸਾਂਝੀ ਗੁਰਬਾਣੀ,ਵੈਸਟਨ ਆਦਿ ਕੰਪਨੀਆਂ ਨੇ ਕੀਰਤਨ ਕੈਸਟਾਂ ਰਿਕਾਰਡ ਕੀਤੀਆਂ।

'ਨਾਨਕ ਦੁਖੀਆ ਸਭ ਸਭ ਸੰਸਾਰ' ਵਿਚ ਵੀ ਆਪ ਨੂੰ ਗਾਇਨ ਕਰਨ ਦਾ ਮੌਕਾ ਮਿਲਿਆ। ਆਪ ਦੇ ਗਾਇਨ ਕੀਤੇ ਕੁਝ ਸ਼ਬਦ ਲਾਹੌਰ ਰੇਡੀਓ ਸਟੇਸ਼ਨ ਅਤੇ ਜਲੰਧਰ ਰੇਡੀਓ ਸਟੇਸ਼ਨ ਤੋਂ ਪ੍ਰਸਾਰਿਤ ਹੁੰਦੇ ਰਹੇ ਹਨ।

ਸੰਗਤਾਂ ਦੀ ਮੰਗ ਤੇ ਮਾਲੇਸ਼ੀਆ,ਇੰਗਲੈਂਡ, ਕਨੇਡਾ, ਅਮਰੀਕਾ ਆਦਿ ਵਿਦੇਸ਼ ਵਿੱਚ ਵੀ ਕੀਰਤਨ ਕੀਤਾ। ਅੱਜ ਕਲ ਆਪ ਦਿੱਲੀ ਸ਼ਾਲੀਮਾਰ ਬਾਗ ਵਿੱਚ ਆਪਣੀ ਪਤਨੀ ਅਤੇ ਬੱਚਿਆਂ ਸਹਿਤ ਰਹਿ ਰਹੇ ਹਨ। ਹੁਣ ਵੀ ਆਪ ਸੰਗਤਾਂ ਦੇ ਪਿਆਰ ਸਦਕਾ ਕੀਰਤਨ ਕਰਦੇ ਹਨ। ਆਪ ਦੇ ਮੌਜੂਦਾ ਫੋਨ ਹਨ- 80760 54670--92100 21075

ਕੀਰਤਨ ਸੇਵਾ ਮਾਲੇਸ਼ੀਆ ਵਾਲੇ ਅਮਰਦੇਵ ਸਿੰਘ ਜੀ ਨੇ ਆਪਣੇ ਲਿੰਕ

https://kirtansewa.net/index.php/santrain-avtar-singh/

ਤੇ ਅਵਤਾਰ ਸਿੰਘ ਜੀ ਦੀਆਂ ਕਈ ਰਿਕਾਰਡਿੰਗਜ਼ ਅਪਲੋਡ ਕੀਤੀਆਂਹਨ। ਉਹਨਾਂ ਦੇ ਇਸ ਲਿੰਕ ਤੇ ਹੋਰ

ਕੀਰਤਨੀਆਂ ਦੇ ਨਾਲ ਨਾਲ ਅਵਤਾਰ ਸਿੰਘ ਸੰਤਰੇਣ ਦੇ ਕੀਰਤਨ ਦਾ ਅਨੰਦ ਵੀ ਮਾਣਿਆ ਜਾ ਸਕਦਾ ਹੈ। ਅੱਗੇ ਅਸੀ ਇਸ ਬਾਰੇ ਜਾਣਕਾਰੀ ਪ੍ਰਕਾਸ਼ਿਤ ਕਰ ਰਹੇ ਹਾਂ – ਡਾ. ਜਾਗੀਰ ਸਿੰਘ

https://kirtansewa.net/index.php/santrain-avtar-singh/

As I was growing up, I recall owning a few albums released by 'SarabSanjhiGurbani' featuring the melodious voice of SantrainAvtar Singh Ji, who was especially popular in the 1970s and 1980s. He was widely known as Kaka Avtar Singh, as his journey into Kirtan began at a very young age. Due to his innocent boyish looks and sweet Kirtan, he was well liked by the 'Sangat' of Delhi, Jalandhar, Chandigarh and many other cities.

SantrainAvtar Singh Ji was born on 2nd October 1955. His parents were blessed with seven children; three boys and four girls. His father worked as an assistant to a lawyer in Kapurthala. As a young boy, Kaka Avtar Singh used to love dressing up in the traditional Sikh attire (Bana), and carry a sword with him. He would be in full traditional attire when going to the Gurdwara to learn 'Paath' and 'Kirtan'. He was blessed with 'Amrit' at the tender age of five, and was guided by the 'Singh Sahib' to learn Kirtan. His initiation into music was by GianiKartar Singh Ji from Kapurthala. His older brother, Jagjit Singh was started off to learn the 'tabla'. Both brothers, having acquired the knowledge and skill, formed their own 'jatha' in 1969 with their father. Their first Kirtan performance was at Gurdwara Model Town, Delhi.

As the jatha of Kaka Avtar Singh began gaining popularity, they travelled to other locations across India such as Pune, Hazoor Sahib and many more. They also made several trips abroad to Malaysia, England, United States of America and Canada. SantrainAvtar Singh Ji also did Kirtan in Pakistan, and while in Lahore, he recorded a few Shabads at the Lahore Radio Station. Back in India, recording companies such as 'SarabSanjhiGurbani' released many albums of his, which became very popular among the Sangat. He also sang the Shabad 'Gur Ka Darshan Dekh Dekh Jeevan' in the 1970 Punjabi film, Nanak Dukhiya Sabh Sansar. Unfortunately, it is not featured on the soundtrack, but the clip can be viewed in the film.

Currently, SantrainAvtar Singh Ji lives in Shalimar Bagh, Delhi with his wife and children.

Special thanks to Dr. Jagir Singh Ji for sharing the information above, which was written for the 'Amrit Kirtan' magazine.-----Amardev singh

**ਜ਼ਰੂਰੀ ਬੇਨਤੀ**

ਮੈਗਜ਼ੀਨ ਮਿਲਣ ਤੇ ਸੂਚਨਾ ਜ਼ਰੂਰ ਦਿਓ ਜੀ ।

ਸੰਪਾਦਕ ਮੋਬਾਇਲ 98556-40630

# ਰਾਗ ਬਿਲਾਵਲ

ਸ. ਗੁਰਬਖਸ਼ ਸਿੰਘ

ਬਿਲਾਵਲ ਠਾਠ ਦਾ ਇਹ ਆਸ਼ਰੀਯ ਰਾਗ ਹੈ, ਇਸ ਸਵੇਰ ਦੇ ਰਾਗ ਦੀ ਜਾਤੀ ਸੰਪੂਰਨ, ਵਾਦੀ ਸੰਵਾਦੀ ਧੈਵਤ, ਗੰਧਾਰ ਅਤੇ ਗਾਉਣ ਦਾ ਸਮਾਂ ਦਿਨ ਦਾ ਦੂਸਰਾ ਪਹਿਰ ਹੈ। ਇਸ ਵਿੱਚ ਦੋਵੇਂ ਨਿਖਾਦ ਅਤੇ ਬਾਕੀ ਸੁਰ ਸ਼ੁੱਧ ਲੱਗਦੇ ਹਨ। ਇਹ ਸਮਝਿਆ ਜਾਂਦਾ ਹੈ ਕਿ ਬਿਲਾਵਲ ਰਾਗ ਸਰਲ ਹੈ ਪਰ ਇਸ ਗੱਲ ਵਿੱਚ ਬਹੁਤੀ ਸਚਿਆਈ ਨਹੀਂ। ਬਿਲਾਵਲ ਰਾਗ ਬਹੁਤ ਦੇਰ ਤੱਕ ਸਿੱਖਣ ਤੋਂ ਬਾਅਦ ਹੀ ਪਤਾ ਲੱਗਦਾ ਹੈ ਕਿ ਇਹ ਇੱਕ ਕਠਨ ਰਾਗ ਹੈ ਜਿਵੇਂ: ਸ ਰ ਗ ਪ ਧ ਨ ੁ ਧ ਪ ਮ ਗ, ਰ ਗ ਪ ਮ ਗ, ਧ ਗ ਪ ਮ ਗ ਮ ਰ ਸ।

ਆਰੋਹ ਵਿੱਚ ਮੱਧਯਮ ਅਲਪ ਅਤੇ ਅਵਰੋਹ ਵਿੱਚ ਕੋਮਲ ਨਿਖਾਦ ਦਾ ਪ੍ਰਯੋਗ ਇੱਕ ਖਾਸ ਢੰਗ ਨਾਲ ਹੁੰਦਾ ਹੈ ਅਤੇ ਗੰਧਾਰ ਜ਼ਿਆਦਾਤਰ ਵਕ੍ਰ ਹੈ।

ਕੁਝ ਵਿਦਵਾਨ ਕਹਿੰਦੇ ਹਨ ਕਿ ਸ਼ੁੱਧ ਬਿਲਾਵਲ ਦੇ ਆਰੋਹ ਵਿੱਚ ਮੱਧਯਮ ਲੱਗਦਾ ਹੈ ਅਤੇ ਕੋਮਲ ਨਿਖਾਦ ਦਾ ਪ੍ਰਯੋਗ ਨਹੀਂ ਹੁੰਦਾ। ਸ੍ਰੀ ਭਾਤਖੰਡ ਜੀ ਦੀ ਕਰਾਮਿਕ ਪੁਸਤਕ ਭਾਗ ਦੋ ਵਿੱਚ ਅਖੌਤੀ ਸ਼ੁੱਧ ਬਿਲਾਵਲ ਦੀ ਐਸੀ ਬੰਦਿਸ਼ ਲੱਭਣੀ ਸੌਖੀ ਨਹੀਂ ਜਿਸਦੇ ਆਰੋਹ ਵਿੱਚ ਮੱਧਯਮ ਛੱਡਿਆ ਨਾ ਹੋਵੇ ਅਤੇ ਕੋਮਲ ਨਿਖਾਦ ਦਾ ਪ੍ਰਯੋਗ ਨਾ ਕੀਤਾ ਹੋਵੇ। ਬਿਲਾਵਲ ਦੇ ਆਰੋਹ ਵਿੱਚ ਮੱਧਯਮ ਵਰਜਤ ਕਰਨ ਨਾਲ ਅਤੇ ਅਵਰੋਹ ਵਿੱਚ ਕੋਮਲ ਨਿਖਾਦ ਦਾ ਪ੍ਰਯੋਗ ਕਰਨ ਨਾਲ ਹੀ ਇਸ ਰਾਗ ਦਾ ਰੂਪ ਨਿੱਖਰਦਾ ਹੈ। ਤੇਜ਼ ਤਾਨਾਂ ਦੇ ਆਰੋਹ ਵਿੱਚ ਮੱਧਯਮ ਦਾ ਪ੍ਰਯੋਗ ਜਰੂਰ ਹੋ ਜਾਂਦਾ ਹੈ। ਮੇਰੇ ਵਿਚਾਰ ਵਿੱਚ ਅਲੱਈਆ ਬਿਲਾਵਲ ਜਾਂ ਸ਼ੁੱਧ ਬਿਲਾਵਲ ਵਿੱਚ ਕੋਈ ਅੰਤਰ ਨਹੀਂ, ਹਾਂ, ਇਹ ਕਹਿ ਸਕਦੇ ਹਾਂ ਕਿ ਕੋਮਲ ਨਿਖਾਦ ਬਿਲਾਵਲ ਵਿੱਚ ਵਿਵਾਦੀ ਸੁਰ ਹੈ ਇਸਦਾ ਪ੍ਰਯੋਗ ਬਹੁਤ ਆਮ ਹੈ ਅਤੇ ਇਸ ਦੀ ਵਰਤੋਂ ਨਾਲ ਬਿਲਾਵਲ ਰਾਗ ਦੀ ਸੁੰਦਰਤਾ ਵਿੱਚ ਵਾਧਾ ਹੁੰਦਾ ਹੈ।

**ਆਰੋਹ**: ਸ ਰ ਗ ਮ ਰ ਗ ਪ, ਧ ਨ ਸੰ

**ਅਵਰੋਹ**: ਸੰ ਨ ਧ ਨੁ ਧ ਪ ਮ ਗ, ਮ ਰ ਸ

**ਮੁੱਖ ਅੰਗ**: ਗ ਰ ਗ ਪ, ਧ ਨ ਸੰ ਨ ਧ ਨੁ ਧ ਪ, ਪ ਮ ਗ ਮ ਰ ਗ ਪ।

**ਚਾਲ**: ਸ, ਨ਼ ਧ਼ ਨ਼ ਸ, ਸ ਰ ਸ, ਸ ਰ ਗ – ਗ ਮ ਰ ਸ, ਸ ਰ ਗ ਪ ਮ ਗ, ਰ ਗ ਪ ਮ ਗ, ਗ ਮ ਰ ਗ ਪ – ਧ ਨੁ ਧ ਪ – ਧ ਪ ਮ ਗ, ਰ ਗ ਪ – ਧ ਗ ਪ ਮ ਗ, ਰ ਗ ਪ ਮ ਗ, ਰ ਗ ਰ ਸ, ਗ ਰ ਗ ਪ ਧ ਨੁ ਧ ਪ, ਗ ਪ ਧ ਨ ਸੰ, ਸੰ ਰੰ ਗੰ ਮੰ ਰੰ ਸੰ, ਸੰ ਨ ਧ ਨੁ ਧ ਪ, ਧ ਗ ਪ ਮ ਗ ਰ ਗ ਪ, ਪ ਮ ਗ, ਗ ਮ ਰ ਸ।

RNI Regd.No. 46788/89 ISSN 0972-2335

## ਬਿਲਾਵਲ (ਝੱਪ ਤਾਲ)

ਹਰਿ ਉਤਮੁ ਹਰਿ ਪ੍ਰਭੁ ਗਾਵਿਆ ਕਰਿ ਨਾਦੁ ਬਿਲਾਵਲੁ ਰਾਗੁ ॥
ਉਪਦੇਸੁ ਗੁਰੂ ਸੁਣਿ ਮੰਨਿਆ ਧੁਰਿ ਮਸਤਕਿ ਪੂਰਾ ਭਾਗੁ ॥
ਸਭ ਦਿਨਸੁ ਰੈਣਿ ਗੁਣ ਉਚਰੈ ਹਰਿ ਹਰਿ ਹਰਿ ਉਰਿ ਲਿਵ ਲਾਗੁ ॥
ਸਭੁ ਤਨੁ ਮਨੁ ਹਰਿਆ ਹੋਇਆ ਮਨੁ ਖਿੜਿਆ ਹਰਿਆ ਬਾਗੁ ॥
ਅਗਿਆਨੁ ਅੰਧੇਰਾ ਮਿਟਿ ਗਇਆ ਗੁਰ ਚਾਨਣੁ ਗਿਆਨੁ ਚਰਾਗੁ ॥
ਜਨੁ ਨਾਨਕੁ ਜੀਵੈ ਦੇਖਿ ਹਰਿ ਇਕ ਨਿਮਖ ਘੜੀ ਮੁਖਿ ਲਾਗੁ ॥
(ਬਿਲਾਵਲ ਮਹਲਾ ੪) ਅੰਗ ੮੪੯

### ਅਸਥਾਈ

| | | | | | | | | | |
|---|---|---|---|---|---|---|---|---|---|
| | | | | | | | | [ਧ]ਸੰ | ਸੰ |
| | | | | | | | | ਹ | ਰ |
| [ਸੰ]ਧ | ਨੁ | ਪ | – | ਮੁਗੁ | ਰ | ਗ | ਰਗੁ | ਪ– | ਗੁਮੁ |
| ਉ | ऽ | ਤ | ऽ | ਮੁऽ | ਹ | ਰ | ਪ੍ਰੁऽ | ऽऽ | ऽਭੁ |
| [ਪ]ਗ | – | – | – | ਮ | ਰ | – | ਸ | – | ਸ |
| ਗਾ | ऽ | ऽ | ऽ | ਵਿ | ਆ | ऽ | ਕ | ऽ | ਰ |
| ਗ | – | ਮ⌒ | ਰ | ਗ | ਪ | – | ਪਨੁ | ਧ | ਨ |
| ਨਾ | ऽ | ਦ | ऽ | ਬਿ | ਲਾ | ऽ | ਵੁऽ | ऽ | ਲ |
| ਸੰ | – | ਧ | ਨੁ | ਧੁਪੁ | ਗੁਮੁ | ਰਗੁ | ਪਮੁ | ਗ, | ਸੰਸੰ |
| ਰਾ | ऽ | ऽ | ऽ | ऽऽ | ਗੁऽ | ऽऽ | ऽऽ | ऽ, | ਹੁਰੁ |
| x | | ੨ | | | ੦ | | ੩ | | |

### ਅੰਤਰਾ

| | | | | | | | | | |
|---|---|---|---|---|---|---|---|---|---|
| | | | | | | | | | ਪੁਪੁ |
| | | | | | | | | | ਉਪੁ |
| ਪ | – | [ਪ]ਨ | ਧ | ਨ | ਸੰ | ਨ | ਸੰ | – | ਸੰ |
| ਦੇ | ऽ | ਸ | ऽ | ਗੁ | ਰੂ | ऽ | ਸੁ | ऽ | ਣ |
| ਗੰ | – | ਗੰ | – | ਮੰ | ਰੰ | – | ਸੰ | – | ਸੰ |
| ਮੰ | ऽ | ऽ | ऽ | ਨਿ | ਆ | ऽ | ਧੁ | ऽ | ਰ |
| ਨ | ਸੰਸੰ | ਧ⌒ | ਨੁ | ਧੁਪੁ | ਗ | ਮ | ਰੁਗੁ | ਗੁਪੁ | ਮ |
| ਮ | ऽਸੁ | ਤ | ऽ | ਕੁऽ | ਪੂ | ऽ | ਰਾऽ | ऽऽ | ऽ |
| ਗ | – | – | – | ਮ | ਰ | –, | ਸ | – | ਸ |
| ਭਾ | ऽ | ऽ | ऽ | ऽ | ਗ | ऽ, | ਕ | ऽ | ਰ |
| [ਸ]ਗ | – | ਮ⌒ | ਰ | ਗ | | | | | |
| ਨਾ | ऽ | ਦ | ऽ | ਬਿ | | | | | |
| x | | ੨ | | | ੦ | | ੩ | | |

M : +44 7443 657800